ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ




## ਪੱਤਰ

ਲੜੀ/ਅੰਕ ਨੰ: 17/05 — ਮਈ 2016 – ਨਾਨਕਸ਼ਾਹੀ ਵੈਸਾਖ-ਜੇਠ ੫੪੮

## ਇਤਿਹਾਸਿਕ ਦਿਹਾੜੇ

### ਮਈ ਅਤੇ ਜੂਨ 2016

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 7 ਮਈ |
| ਛੋਟਾ ਘੱਲੂਘਾਰਾ (ਕਾਹਨੂੰਵਾਲ) | 16 ਮਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ | 20 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 29 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 8 ਜੂਨ |
| ਜਨਮ ਭਗਤ ਕਬੀਰ ਜੀ | 20 ਜੂਨ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਹਰਿ ਜੇਠਿ ਜੁੜੰਦਾ ਲੋੜੀਐ ...॥
# (ਜੀਵਨ-ਜੁਗਤਿ)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥- ਅੰਗ ੧੩੪

ਪਦ ਅਰਥ :- ਜੇਠਿ-ਜੇਠ ਵਿਚ । ਹਰਿ ਜੁੜੰਦਾ ਲੋੜੀਐ-ਪ੍ਰਭੂ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਸਭਿ-ਸਾਰੇ ਜੀਵ । ਨਿਵੰਨਿ-ਨਿਊਂਦੇ ਹਨ । ਸਜਣ ਦਾਵਣਿ-ਸੱਜਣ ਦੇ ਦਾਮਨ ਵਿਚ, ਪੱਲੇ ਵਿਚ । ਕਿਸੈ...ਬੰਨਿ॥ ਕਿਸੈ ਨੂੰ ਬੰਨ੍ਹਣ ਨਹੀਂ ਦੇਂਦਾ, ਕਿਸੇ ਜਮ ਆਦਿਕ ਨੂੰ ਆਗਿਆ ਨਹੀਂ ਦੇਂਦਾ ਕਿ ਉਸ ਜੀਵ ਨੂੰ ਬੰਨ੍ਹ ਕੇ ਅੱਗੇ ਲਾ ਲਏ । ਰੰਗ ਜੇਤੇ-ਜਿਤਨੇ ਭੀ ਰੰਗ ਹਨ ।ਨਾਰਾਇਣੈ-ਪਰਮਾਤਮਾ ਦੇ । ਭਾਵੰਨਿ-ਪਿਆਰੇ ਲੱਗਦੇ ਹਨ । ਕਰੰਨਿ-ਕਰਦੇ ਹਨ । ਪ੍ਰਭਿ-ਪ੍ਰਭੂ ਨੇ ।ਕਹੀਅਹਿ-ਕਹੇ ਜਾਂਦੇ ਹਨ । ਵਿਛੁੜਿ-ਪ੍ਰਭੂ ਤੋਂ ਵਿਛੁੜ ਕੇ । ਸਾਧੂ ਸੰਗੁ-ਗੁਰੂ ਦਾ ਸਾਥ । ਤਿਸੁ-ਉਸ (ਮਨੁੱਖ) ਨੂੰ । ਜਿਸ ਕੈ ਮਥੰਨਿ-ਜਿਸ ਦੇ ਮੱਥੇ ਉਤੇ ।

ਅਰਥ :- ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਜੋ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ) । (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਡਰ ਲਗਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤੀ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ । ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ । (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ।

ਜਿੰਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿਫਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ੇ ਮਿਲਦੀ ਹੈ । (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ ? ਹੇ ਨਾਨਕ ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿੰਨਾਂ ਨੂੰ ਗੁਰੂ ਦਾ ਸਾਥ ਮਿਲ ਜਾਏ । ਜਿਸ ਮਨੁੱਖ ਦੇ ਮੱਥੇ ਉਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ ।੪।

# ਗੁਰਬਾਣੀ ਵਿਚ ਸੇਵਾ ਦਾ ਸੰਕਲਪ

ਡਾ. ਸਰੂਪ ਸਿੰਘ ਅਲੱਗ

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥ - ਆਸਾ ਕੀ ਵਾਰ (ਮ: ੧) - ਅੰਗ ੪੬੭

ਗੁਰਬਾਣੀ ਵਿਚ ਮਹੱਤਵਪੂਰਨ ਦਰਜਾ ਹਾਸਲ ਕਰਨ ਕਾਰਨ '**ਸੇਵਾ**' ਸ਼ਬਦ ਦਾ ਇਤਨਾ ਅਰਥ-ਵਿਸਥਾਰ ਹੋ ਗਿਆ ਹੈ ਕਿ ਹੁਣ ਕਿਸੇ ਵੀ ਪੂਰਬੀ ਜਾਂ ਪੱਛਮੀ ਭਾਸ਼ਾ ਦਾ ਕੋਈ ਵੀ ਸ਼ਬਦ ਇਸ 'ਸੇਵਾ' ਸ਼ਬਦ ਨਾਲ ਜੁੜੇ ਹੋਏ ਅਰਥ-ਸਮੂਹ ਨੂੰ ਪੂਰੀ ਤਰ੍ਹਾਂ ਪ੍ਰਗਟਾਉਣ ਦੇ ਸਮਰੱਥ ਨਹੀਂ ਹੋ ਸਕਦਾ ।

ਗੁਰਸਿੱਖੀ ਵਿਚ ਸੇਵਾ ਦਾ ਪਾਸਾਰ ਤੇ ਉਸ ਦਾ ਮਹੱਤਵ ਉਨਾ ਹੀ ਵਿਸ਼ਾਲ ਹੈ ਜਿੰਨਾ ਜਗਤ ਵਿਚ ਖੁਦ ਜੀਵਨ ਦਾ ਮਹੱਤਵ ਹੈ । ਸੇਵਾ ਤੋਂ ਬਿਨਾਂ ਕਿਸੇ ਵੀ ਗੁਰਸਿੱਖ ਦਾ ਜੀਵਨ ਨਾ ਸੁਅਸਥ ਰਹਿ ਸਕਦਾ ਅਤੇ ਨਾ ਹੀ ਸ਼ੁੱਧ । ਇਸ ਲਈ ਸਾਧਾਰਨ ਭਾਸ਼ਾ ਵਿਚ ਇਸ ਦਾ ਭਾਵ ਇਹ ਹੀ ਉਜਾਗਰ ਹੁੰਦਾ ਹੈ ਕਿ ਚੰਗੇ ਅਤੇ ਸਫਲ ਜੀਵਨ ਦੀ ਕਲਪਨਾ ਹੀ ਸੇਵਾ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਹੁਕਮ ਹੈ :

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥ ਸਿਰੀਰਾਗੁ (ਮ: ੧) - ਅੰਗ ੨੬

ਸਰਲ ਭਾਸ਼ਾ ਵਿਚ ਜੇਕਰ ਸੇਵਾ ਦੀ ਪ੍ਰੀਭਾਸ਼ਾ ਦੱਸਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸੇਵਾ ਇਸ ਪਸਰੇ ਵਿਆਪਕ ਸੰਸਾਰ ਵਿਚ ਮਾਨਵ ਦੁਆਰਾ ਦੂਜੇ ਮਾਨਵ ਲਈ ਸੁਆਰਥ ਰਹਿਤ ਹੋ ਕੇ ਕੀਤਾ ਗਿਆ ਸ਼ੁਭ ਕਰਮ ਹੈ, ਜਿਸ ਦੀਆਂ ਸੀਮਾਵਾਂ ਪਦਾਰਥਕ ਸੰਸਾਰ ਤੋਂ ਸ਼ੁਰੂ ਹੋ ਕੇ ਇਖਲਾਕੀ, ਸਦਾਚਾਰਿਕ ਅਤੇ ਅਧਿਆਤਮਿਕ ਸੰਸਾਰ ਤੱਕ ਫੈਲੀਆਂ ਹੋਈਆਂ ਹਨ । ਤਨ, ਮਨ,ਧਨ ਅਤੇ ਸੁਰਤਿ ਇਸੇ ਸੇਵਾ ਦੇ ਆਧਾਰ ਥੰਮਲੇ ਹਨ ਅਤੇ ਸੇਵਾ ਵਿਚ ਗ਼ਲਤਾਨ ਨਿਸ਼ਕਾਮ ਸੇਵਕ, ਕੀਤੀ ਜਾਣ ਵਾਲੀ ਕਿਸੇ ਵੀ ਸੇਵਾ ਦੇ ਬਦਲੇ ਵਿਚ ਕਿਸੇ ਵੀ ਫਲ ਦੀ ਕਾਮਨਾ ਨਹੀਂ ਰੱਖਦਾ, ਸਗੋਂ ਮਾਨਵ ਪ੍ਰੇਮ ਦੇ ਵੇਗ ਵਿਚ ਆ ਕੇ ਇਸ ਨੂੰ ਚਾਈਂ ਚਾਈਂ ਕਰਕੇ ਆਪਣੇ ਗੁਰੂ ਦੀਆਂ ਖੁਸ਼ੀਆਂ ਸੁਤੇ-ਸਿੱਧ ਹੀ ਪ੍ਰਾਪਤ ਕਰਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਪ੍ਰਕਾਰ ਦੀਆਂ ਸੇਵਾਵਾਂ ਦਾ ਵਿਵਰਣ ਮਿਲਦਾ ਹੈ, ਉਹ ਹਨ :

੧. ਤਨ ਦੀ ਸੇਵਾ    ੨. ਧਨ ਦੀ ਸੇਵਾ
੩. ਮਨ ਦੀ ਸੇਵਾ ਅਤੇ    ੪. ਸੁਰਤਿ ਦੀ ਸੇਵਾ

ਇਨ੍ਹਾਂ ਸੇਵਾਵਾਂ ਵਿਚੋਂ ਕਿਸੇ ਖੇਤਰ ਵਿੱਚ ਵੀ ਸੇਵਾ ਕੀਤੀ ਜਾਵੇ ਉਹ ਉੱਤਮ ਹੈ, ਪ੍ਰਵਾਨ ਹੈ ।

ਨਿਸ਼ਕਾਮ ਸੇਵਕ ਨੂੰ ਸੇਵਾ ਕਰਦਿਆਂ ਇਤਨਾ ਖਿਆਲ ਰੱਖਣਾ ਜ਼ਰੂਰੀ ਹੈ ਕਿ ਉਹ ਤਨੋਂ ਮਨੋਂ ਸੇਵਾ ਕਰਦਿਆਂ ਅਭਿਮਾਨੀ ਪ੍ਰਭਾਵਾਂ ਤੋਂ ਰਹਿਤ ਹੋਵੇ, ਜੇ ਮਨ ਵਿੱਚ ਇਸ ਗੱਲ ਦੀ ਹਉਮੈ ਹੈ ਕਿ ਉਸ ਨੇ ਇਤਨੇ ਭਾਰੀ ਧਨ ਨਾਲ ਸੇਵਾ ਕੀਤੀ ਹੈ ਤਾਂ ਉਸ ਸੇਵਾ ਦਾ ਕੋਈ ਲਾਭ ਨਹੀਂ। ਸੇਵਾ ਨੇ ਤਾਂ ਸੇਵਾਦਾਰ ਦੇ ਮਨ ਵਿਚੋਂ ਹਉਮੈ ਦੀ ਮੈਲ ਲਾਹੁਣੀ ਹੈ, ਉਸ ਨੂੰ ਊਚ-ਨੀਚ ਤੋਂ ਰਹਿਤ ਕਰਨਾ ਹੈ, ਦੂਜੇ ਨਾਲ ਆਪਸੀ ਨੇੜਤਾ, ਹਮਦਰਦੀ ਤੇ ਸੁਹਿਰਦਤਾ ਪੈਦਾ ਕਰਨੀ ਹੈ ਅਤੇ ਉਹ ਤਦ ਹੀ ਸੰਭਵ ਹੈ ਜੇਕਰ ਉਹ ਆਪਣਾ ਮਾਨ ਅਭਿਮਾਨ, ਪ੍ਰਤਿਸ਼ਠਾ ਤੇ ਰਹੀਸਪੁਣੇ ਦੇ ਚੋਗੇ ਲਾਹ ਕੇ ਹਲੀਮ ਵੇਸ ਧਾਰਨ ਕਰਕੇ ਨਿਮਾਣਾ ਬਣ ਜਾਵੇ, ਨਿਮਰਤਾ ਦੀ ਮੂਰਤ ਹੋ ਜਾਵੇ ਤੇ ਤਿਆਗ ਦੀ ਤਸਵੀਰ ਬਣ ਜਾਵੇ। ਮਨ ਤੇ ਸੁਰਤਿ ਦੀ ਸੇਵਾ ਇਹੀ ਸੇਵਾ ਹੈ ਕਿ ਤਨ ਤੇ ਧਨ ਦੀ ਸੇਵਾ ਕਰਦਿਆਂ ਉਹ ਅੰਤਰੀਵ ਆਤਮੇ ਪ੍ਰਭੂ ਸਤਿਕਾਰ ਤੇ ਮਾਨਵ ਪਿਆਰ ਵਿਚ ਜੁੜਿਆ ਹੋਵੇ। ਸੇਵਾ ਦੀ ਮਹੱਤਤਾ ਦਰਸਾਉਂਦਿਆਂ ਗੁਰਬਾਣੀ ਵਿਚ ਇਥੇ ਤੱਕ ਵੀ ਜ਼ਿਕਰ ਆਇਆ ਹੈ ਕਿ ਸੇਵਾ ਤੋਂ ਬਿਨਾਂ ਕਿਸੇ ਵੀ ਫਲ ਦੀ ਪ੍ਰਾਪਤੀ ਸੰਭਵ ਨਹੀਂ।

ਜੰਗਮ (ਜੋਗੀ) ਜੋਧ (ਯੋਧੇ) ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ (ਸਰੇਸ਼ਟ) ॥ - ਅੰਗ ੯੯੨

ਇਸ ਸੇਵਾ ਦੀ ਮਹਿੰਮਾ ਦੇ ਦਰਸ਼ਨ ਸਾਨੂੰ ਇਸ ਗੱਲ ਤੋਂ ਵੀ ਹੁੰਦੇ ਹਨ ਕਿ ਲਗਭਗ ਸਭ ਗੁਰੂ ਸਾਹਿਬਾਨ ਨੇ ਆਪ ਆਪਣੇ ਤਨ ਨਾਲ ਸਾਧ ਸੰਗਤ ਦੀ ਸੇਵਾ ਕੀਤੀ ਅਤੇ ਆਪਣੇ ਪੈਰੋਕਾਰਾਂ ਤੇ ਸ਼ਰਧਾਲੂਆਂ ਨੂੰ ਇਕ ਮਿਸਾਲ ਬਣ ਕੇ ਦਿਖਾਇਆ ਤੇ ਉਨ੍ਹਾਂ ਪੂਰਨਿਆਂ ਤੇ ਚਲਣਾ ਸਿਖਾਇਆ। ਇਕ ਪ੍ਰਸਿੱਧ ਸਾਖੀ ਅਨੁਸਾਰ ਇਕ ਵਾਰ ਵੈਸਾਖੀ ਦੇ ਸਮੇਂ ਜਦੋਂ ਸਭ ਸੰਗਤਾਂ ਜੁੜ ਗਈਆਂ ਤਾਂ ਜਿਹੜਾ ਸੇਵਾ ਦਾ ਪ੍ਰੋਗਰਾਮ ਬਣਾਇਆ ਗਿਆ ਉਹ ਗੁਰੂ ਅਰਜਨ ਦੇਵ ਜੀ ਨੇ ਸਭ ਸਿੱਖਾਂ ਨੂੰ ਸੁਣਾ ਦਿੱਤਾ। ਇਕ ਸਿੱਖ ਉਠ ਕੇ ਬੇਨਤੀ ਕਰਨ ਲੱਗਾ ਕਿ ਕਿਰਪਾਲੂ ਪਿਤਾ ਜੀ ਤੁਸੀਂ ਬਰਤਨ ਮਾਂਜਣ ਦੀ ਸੇਵਾ ਕਿਸੇ ਦੀ ਨਿਸ਼ਚਤ ਨਹੀਂ ਕੀਤੀ ਉਹ ਸੇਵਾ ਦਾਸ ਨੂੰ ਬਖਸ਼ ਦਿਓ ਤਾਂ ਸਤਿਗੁਰਾਂ ਨੇ ਬੜੇ ਪਿਆਰ ਨਾਲ ਫਰਮਾਇਆ ਕਿ ਉਹ ਸੇਵਾ ਉਨ੍ਹਾਂ ਆਪਣੇ ਜ਼ਿੰਮੇ ਲਈ ਹੈ ਤਾਂ ਸਾਰੀ ਸੰਗਤ ਇਹ ਸੁਣ ਕੇ ਨਿਹਾਲ ਹੋ ਗਈ ਅਤੇ ਸੰਗਤਾਂ ਨੂੰ ਦ੍ਰਿੜ੍ਹ ਹੋ ਗਿਆ ਕਿ ਗੁਰਸਿੱਖੀ ਵਿੱਚ ਸੇਵਾ ਵੀ ਇਕ ਸਾਧਨਾ ਹੈ, ਉੱਤਮ ਤਰੀਨ ਤਰੀਕਾ ਹੈ ਪ੍ਰਭੂ ਪਿਆਰ ਤੇ ਮਾਨਵ ਪਿਆਰ ਦਾ।

ਭਾਈ ਗੁਰਦਾਸ ਜੀ ਦਾ ਵਿਚਾਰ ਹੈ ਕਿ ਸੇਵਾ ਬਿਨਾਂ ਸਾਰੀ ਕਮਾਈ ਵਿਅਰਥ ਚਲੀ ਜਾਂਦੀ ਹੈ। ਭਾਈ ਸਾਹਿਬ ਅਨੁਸਾਰ ਉਨਾਂ ਹੱਥਾਂ ਪੈਰਾਂ ਨੂੰ ਲਾਹਨਤ ਹੈ ਜਿਹੜੇ ਦੂਸਰੇ ਦੇ ਕੰਮ ਨਹੀਂ ਆਉਂਦੇ :

ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥ (ਵਾਰ ੨੭ਵੀਂ, ਪਉੜੀ ੧੦ਵੀਂ)

ਕਬੀਰ ਸਾਹਿਬ ਤਾਂ ਇਸ ਤੋਂ ਵੀ ਅੱਗੇ ਜਾਂਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਉਹ ਘਰ ਇਕ ਕਬਰਸਤਾਨ ਹੈ ਅਤੇ ਉਥੇ ਭੂਤਾਂ ਦਾ ਵਾਸਾ ਹੈ ਜਿਸ ਘਰ ਵਿਚ ਕਿਸੇ ਸਾਧੂ ਹਰੀ ਦੀ ਸੇਵਾ ਨਹੀਂ ਕੀਤੀ ਜਾਂਦੀ :

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥

ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥੧੯੨॥ ਸਲੋਕ (ਭ. ਕਬੀਰ) ਅੰਗ ੧੩੭੪

ਜੇਕਰ ਗਹੁ ਨਾਲ ਸਿੱਖ ਧਰਮ ਦੇ ਇਤਿਹਾਸ ਨੂੰ ਵਾਚਿਆ ਜਾਵੇ ਤਾਂ ਪ੍ਰਤੀਤ ਹੋਵੇਗਾ ਕਿ ਸਿੱਖ ਧਰਮ ਵਿਚ ਗੁਰਗੱਦੀ ਦੀ ਸੰਸਥਾ ਵੀ ਸੇਵਾ ਦੇ ਸੰਕਲਪ ਨਾਲ ਜੁੜੀ ਹੋਈ ਹੈ ਅਤੇ ਇਸ ਸੇਵਾ ਵਿਚ ਤਨ ਦੀ ਸੇਵਾ ਦਾ ਸਥਾਨ ਪ੍ਰਮੁੱਖ ਹੈ। ਇਕ ਗੁਰੂ ਸਾਹਿਬ ਦੁਆਰਾ ਅਗਲੇ ਗੁਰੂ ਸਾਹਿਬ ਨੂੰ ਗੁਰਗੱਦੀ ਸੌਂਪਣ ਸਮੇਂ ਤੱਕ ਦੀ ਸੇਵਾ ਨੂੰ ਵਿਸ਼ੇਸ਼ ਰੂਪ ਵਿਚ ਮੁੱਖ ਕਸਵੱਟੀ ਮੰਨਿਆ ਜਾਂਦਾ ਰਿਹਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਪੁੱਤਰਾਂ ਨਾਲੋਂ ਵੀ ਨਿਸ਼ਕਾਮ ਸੇਵਕਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਅਤੇ ਸੇਵਾ ਦੇ ਸਿਧਾਂਤ ਤੇ ਅਮਲ ਕਰਨ ਵਾਲੇ ਆਪਣੇ ਸ਼ਰਧਾਲੂਆਂ ਵਿਚੋਂ ਹੀ ਕਿਸੇ ਇਕ ਨੂੰ ਆਪਣੇ ਤੋਂ ਮਗਰੋਂ ਗੁਰੂ ਥਾਪਿਆ ਹੈ। ਚੌਥੀ ਪਾਤਸ਼ਾਹੀ, ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਭਾਵੇਂ ਗੁਰਗੱਦੀ ਸੋਢੀ ਵੰਸ ਤੱਕ ਹੀ ਸੀਮਤ ਰਹੀ, ਪ੍ਰੰਤੂ ਸੇਵਾ ਦੇ ਸੰਕਲਪ ਨੂੰ ਇਸ ਯੁਗ ਵਿਚ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਇਥੇ ਇਹ ਕਹਿਣਾ ਅਣਉਚਿੱਤ ਨਹੀਂ ਹੋਵੇਗਾ ਕਿ ਗੱਦੀ ਦਾ ਉਤਰ-ਅਧਿਕਾਰੀ ਨਿਯੁਕਤ ਕਰਨ ਲੱਗਿਆਂ ਸੇਵਾ ਦੇ ਨਾਲ ਨਾਲ ਵਿਚਾਰਧਾਰਕ ਸੂਝ, ਮੋਹ ਮਾਇਆ ਦਾ ਤਿਆਗ, ਸਮੁੱਚੀ ਮਾਨਵ ਜਾਤੀ ਦੇ ਕਲਿਆਣ ਦੀ ਕਾਮਨਾ ਆਦਿ ਅਨੇਕ ਸੰਕਲਪ, ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਰਹਿੰਦੇ। ਪ੍ਰੰਤੂ ਤਨ ਦੀ ਸੇਵਾ ਨੂੰ ਹਮੇਸ਼ਾ ਪ੍ਰਮੁੱਖ ਸਥਾਨ ਦਿੱਤਾ ਜਾਂਦਾ ਰਿਹਾ। ਗੁਰੂ ਘਰ ਤੋਂ ਇਲਾਵਾ ਸਿੱਖ ਜਗਤ ਦੀਆਂ ਮਹਾਨ ਹਸਤੀਆਂ ਜਿਵੇਂ ਕਿ ਭਾਈ ਘਨਈਆ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮੰਝ ਜੀ, ਭਾਈ ਨੰਦ ਲਾਲ ਜੀ, ਨਵਾਬ ਕਪੂਰ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਜੀ ਆਦਿ ਵੀ ਇਤਿਹਾਸ ਵਿਚ ਆਪਣੀ ਸੇਵਾ ਕਰਕੇ ਹੀ ਸਿੱਖਾਂ ਵਿਚ ਆਦਰਯੋਗ ਬਣੀਆਂ।

ਸਿੱਖ ਗੁਰੂ ਸਾਹਿਬਾਨ ਨੇ ਗੁਰਗੱਦੀ ਤੇ ਸ਼ਸ਼ੋਭਿਤ ਹੋ ਕੇ ਵੀ ਹਰ ਕਿਸੇ ਦੀ ਸੇਵਾ ਕਰਨ ਵਿਚ ਕਮਾਲ ਕਰ ਵਖਾਈ ਹੈ। ਇਕ ਵਾਰ ਕਾਬਲ ਦੀ ਸੰਗਤ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਆਈ। ਉਸ ਵੇਲੇ ਸੰਗਤ ਪੈਦਲ ਹੀ ਆਇਆ ਕਰਦੀ ਸੀ ਕਿਉਂਕਿ ਆਵਾਜਾਈ ਦੇ ਹੁਣ ਵਾਲੇ ਸਾਧਨ ਉਸ ਸਮੇਂ ਨਹੀਂ ਸਨ ਹੁੰਦੇ। ਸੰਗਤ ਨੂੰ ਅੰਮ੍ਰਿਤਸਰ ਸ਼ਹਿਰ ਤੋਂ ਥੋੜ੍ਹੀ ਦੂਰ ਪਿਛੇ ਹੀ ਰਾਤ ਪੈ ਗਈ ਅਤੇ ਸੰਗਤ ਨੇ ਉਥੇ ਹੀ ਰਾਤ ਕੱਟਣ ਦਾ ਪ੍ਰੋਗਰਾਮ ਬਣਾ ਲਿਆ। ਸੰਗਤ ਬਹੁਤ ਥੱਕੀ ਹੋਈ ਸੀ ਅਤੇ ਲੰਗਰ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਖ਼ਬਰ ਮਿਲੀ ਤਾਂ ਮਾਤਾ ਗੰਗਾ ਜੀ ਨੇ ਆਪ ਪ੍ਰਸ਼ਾਦੇ ਪਕਾਏ ਅਤੇ ਮਾਤਾ ਜੀ ਦੇ ਨਾਲ ਗੁਰੂ ਸਾਹਿਬ ਸਾਰਾ ਲੰਗਰ ਆਪਣੇ ਸਿਰ ਤੇ ਚੁੱਕ ਕੇ ਸੰਗਤ ਕੋਲ ਲੈ ਗਏ। ਗੁਰੂ ਜੀ ਨੇ ਸੰਗਤਾਂ ਨੂੰ ਲੰਗਰ ਛਕਾਇਆ, ਜੋੜੇ ਝਾੜੇ, ਪੱਖਾ ਝੱਲਿਆ ਅਤੇ ਸਾਰੀ ਰਾਤ ਮੁੱਠੀ ਚਾਪੀ ਕਰਦੇ ਰਹੇ। ਜਦੋਂ ਸਵੇਰੇ ਸੰਗਤਾਂ ਨੇ ਆ ਕੇ ਦਰਸ਼ਨ ਕੀਤੇ ਤਾਂ ਸਭ ਦੰਗ ਰਹਿ ਗਏ ਕਿ ਇਹ ਤਾਂ ਗੁਰੂ ਸਾਹਿਬ ਹੀ ਸਨ ਜੋ ਆਪ ਹੀ ਸਾਰੀ ਰਾਤ ਸੰਗਤ ਦੀ ਸੇਵਾ ਕਰਦੇ ਰਹੇ। ਇਹ ਹੈ ਨਿਸ਼ਕਾਮ ਸੇਵਾ ਦੀ ਅਦੁੱਤੀ ਤੇ ਮਾਣਜਨਕ ਮਿਸਾਲ।

ਇਸੇ ਤਰ੍ਹਾਂ ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਦੇ ਸਮੇਂ ਦਿੱਲੀ ਵਿਚ ਭਾਰੀ ਪਲੇਗ ਤੇ ਚੇਚਕ ਦੀ ਛੂਤ ਦੀ ਬਿਮਾਰੀ ਮਹਾਂਮਾਰੀ ਵਾਂਗ ਫੈਲ ਗਈ। ਮੌਤ ਦੇ ਡਰ ਕਾਰਨ ਸਕੇ ਸਾਕ ਸੰਬੰਧੀ ਆਪਣੀ ਜਾਨ ਬਚਾਉਣ ਖ਼ਾਤਰ ਆਪਣੇ ਬਿਮਾਰ ਰਿਸ਼ਤੇਦਾਰਾਂ ਨੂੰ ਤੜਫਦਾ ਛੱਡ ਕੇ ਨਸ ਜਾਂਦੇ ਪਰ ਗੁਰੂ ਸਾਹਿਬ

ਆਪਣੇ ਸੇਵਕਾਂ ਨੂੰ ਨਾਲ ਲਿਜਾ ਕੇ ਬਿਮਾਰਾਂ ਦੀ ਹੌਂਸਲਾ ਅਫਜ਼ਾਈ ਕਰਦੇ, ਦਵਾ-ਦਾਰੂ ਕਰਦੇ ਤੇ ਉਨ੍ਹਾਂ ਨੂੰ ਰਾਜ਼ੀ ਕਰਨ ਲਈ ਹਰ ਹੀਲਾ-ਵਸੀਲਾ ਜੋੜਦੇ। ਜਦ ਮਰੀਜ਼ਾਂ ਨੂੰ ਪਤਾ ਲਗਦਾ ਕਿ ਗੁਰੂ ਸਾਹਿਬ ਆਪ ਉਨ੍ਹਾਂ ਦੀ ਦੇਖ ਭਾਲ ਕਰਨ ਲਈ ਆਏ ਹਨ ਤਾਂ ਉਨ੍ਹਾਂ ਦੇ ਹੌਂਸਲੇ ਬਲਵਾਨ ਹੋ ਜਾਂਦੇ ਤੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸੇਵਕਾਂ ਵਲੋਂ ਉਨ੍ਹਾਂ ਦੀ ਕੀਤੀ ਜਾਂਦੀ ਸੇਵਾ ਨਾਲ ਉਹ ਠੀਕ ਹੋ ਜਾਂਦੇ। ਇਸੇ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਬਾਰੇ ਇਹ ਬਚਨ ਕੀਤੇ ਹਨ ਕਿ '**ਸ੍ਰੀ ਹਰਿ ਕ੍ਰਿਸ਼ਨ ਜੀ ਧਿਆਈਏ ਜਿਸ ਡਿਠੇ ਸਭ ਦੁਖ ਜਾਏ**' ਅਤੇ ਜਿਨ੍ਹਾਂ ਨੂੰ ਅਰਦਾਸ ਕਰਨ ਲਗਿਆਂ ਨਿਤ ਯਾਦ ਕਰਦੇ ਹਾਂ। ਗੁਰੂ ਸਾਹਿਬ ਦੀ ਬੀਮਾਰਾਂ ਪ੍ਰਤੀ ਇਹ ਸੇਵਾ ਪੂਰੇ ਉਤਸ਼ਾਹ ਨਾਲ ਚਲਦੀ ਰਹਿੰਦੀ। ਇਥੇ ਤੱਕ ਕਿ ਦਿਨ ਰਾਤ ਇਹ ਸੇਵਾ ਕਰਦਿਆਂ ਕਰਦਿਆਂ ਉਹ ਖੁਦ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਤੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਗਏ ਪਰ ਸੇਵਾ ਕਰਨ ਦੀ ਸ਼ਮ੍ਹਾ ਜੋ ਉਹ ਜਲਾ ਗਏ ਉਸ ਨੂੰ ਉਨ੍ਹਾਂ ਦੇ ਸੇਵਕਾਂ ਨੇ ਅੱਜ ਤੱਕ ਬੁਝਣ ਨਹੀਂ ਦਿੱਤਾ। ਇਸੇ ਕਿਸਮ ਦੀ ਸੇਵਾ ਸਤਵੇਂ ਪਾਤਸ਼ਾਹ ਗੁਰੂ ਹਰਿਰਾਏ ਸਾਹਿਬ ਪੀੜਤ ਮਨੁੱਖਾਂ ਦੇ ਨਾਲ ਨਾਲ ਜਾਨਵਰਾਂ ਅਤੇ ਪੰਛੀਆਂ ਦੀ ਵੀ ਕਰਨ ਵਿਚ ਹਮੇਸ਼ਾ ਤਤਪਰ ਰਹਿੰਦੇ ਜਿਸ ਸਦਕਾ ਉਨ੍ਹਾਂ ਦੇ ਸੇਵਕਾਂ ਦੇ ਦਿਲਾਂ ਵਿਚ ਹਮੇਸ਼ਾ ਸੇਵਾ ਕਰਨ ਦੀ ਤਾਂਘ ਪ੍ਰਬਲ ਰੂਪ ਵਿਚ ਬਣੀ ਰਹਿੰਦੀ। ਅਸਲੀਅਤ ਤਾਂ ਇਹ ਹੈ ਕਿ ਸੇਵਾ ਤੋਂ ਬਿਨਾਂ ਸਿੱਖੀ ਮਹਿਲ ਦੀ ਉਸਾਰੀ ਦੀ ਗੱਲ ਸੋਚੀ ਹੀ ਨਹੀਂ ਜਾ ਸਕਦੀ।

ਸਿੱਖ ਧਰਮ ਦੇ ਤਿੰਨ ਮੁਢਲੇ ਅਸੂਲ ਹਨ ਜਿਨ੍ਹਾਂ ਦੀ ਗੁਰੂ ਨਾਨਕ ਦੇਵ ਜੀ ਨੇ ਹਰ ਕਿਸੇ ਨੂੰ ਸੋਝੀ ਕਰਾਈ। ਇਹ ਹਨ: ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ। ਵੰਡ ਛਕਣ ਤੋਂ ਭਾਵ ਹੈ, ਆਪਣੀ ਕਮਾਈ ਵਿਚੋਂ ਕੁਝ ਹਿੱਸਾ ਦੂਸਰਿਆਂ ਦੀ ਭਲਾਈ ਲਈ ਲਾਉਣਾ। ਵੰਡ ਛਕਣਾ ਧਨ ਦੀ ਸੇਵਾ ਦੇ ਘੇਰੇ ਵਿਚ ਆਉਂਦਾ ਹੈ। ਧਨ ਦੀ ਸੇਵਾ ਤੋਂ ਭਾਵ ਰੁਪਏ ਪੈਸੇ ਨਾਲ ਕਿਸੇ ਲੋੜਵੰਦ ਦੀ ਸਹਾਇਤਾ ਕਰਨਾ ਜਾਂ ਮਾਨਵ ਜਾਤੀ ਦੀ ਸਾਂਝੀ ਭਲਾਈ ਲਈ ਕਾਇਮ ਹੋਈ ਕਿਸੇ ਸੰਸਥਾ ਲਈ ਪਾਇਆ ਗਿਆ ਮਾਇਕ ਯੋਗਦਾਨ ਹੈ। ਸਾਂਝੀ ਭਲਾਈ ਲਈ ਕਾਇਮ ਹੋਇਆਂ ਸੰਸਥਾਵਾਂ ਵਿਚ ਧਾਰਮਿਕ ਸਤਿਕਾਰ ਜਾਂ ਸਾਂਝੇ ਜਨਤਕ ਭਲਾਈ ਦੇ ਕੰਮਾਂ ਜਾਂ ਸਮਾਜ ਦੀ ਸਾਂਝੀ ਵਰਤੋਂ ਲਈ ਬਣਾਈਆਂ ਗਈਆਂ ਇਮਾਰਤਾਂ, ਸੰਸਥਾਵਾਂ, ਧਰਮਸ਼ਾਲਾਵਾਂ, ਮੰਦਰ, ਮਸਜਿਦਾਂ, ਗੁਰਦਵਾਰੇ, ਹਸਪਤਾਲ, ਸਰਾਵਾਂ, ਜੰਝਘਰ ਆਦਿ ਆ ਜਾਂਦੇ ਹਨ ......ਇਹ ਸਾਰੇ ਕਾਰਜ ਧਨ ਦੀ ਸੇਵਾ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੇ।

ਜਦੋਂ ਸੇਵਕ ਆਪਣੇ ਸਤਿਗੁਰੂ ਦੇ ਪਿਆਰ ਵਿਚ ਆ ਕੇ ਗੁਰੂ ਦੇ ਚਰਨਾਂ ਵਿਚ ਜੁੜੀ ਸੰਗਤ ਦੀ ਭਲਾਈ ਲਈ ਜਾਂ ਮਾਨਵ ਜਾਤੀ ਲਈ ਕਿਸੇ ਦੁੱਖੀ ਅਤੇ ਲੋੜਵੰਦ ਦੀ ਧਨ ਖਰਚ ਕੇ ਸੇਵਾ ਕਰਦਾ ਹੈ, ਭੁੱਖੇ ਨੂੰ ਰੋਟੀ ਖੁਆਉਂਦਾ ਹੈ, ਕਿਸੇ ਰੋਗੀ ਦੇ ਦੁਖ ਦੂਰ ਕਰਨ ਵਿਚ ਉਸ ਦੀ ਮਾਇਕ ਸਹਾਇਤਾ ਕਰਦਾ ਹੈ ਤਾਂ ਲੋੜਵੰਦ ਦੇ ਦਿਲ ਵਿਚੋਂ ਇਕ ਅਜਿਹੀ ਅਸੀਸ ਨਿਕਲਦੀ ਹੈ ਜਿਸ ਨਾਲ ਸੇਵਕ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਭਾਈ ਨੰਦ ਲਾਲ ਜੀ ਅਨੁਸਾਰ ਜਿਹੜਾ ਸਿੱਖ ਲੋੜਵੰਦਾਂ ਦੀ ਧਨ ਨਾਲ ਸੇਵਾ ਨਹੀਂ ਕਰਦਾ, ਉਸ ਨੂੰ ਦਰਗਾਹ ਵਿਚ ਮਾਣ ਨਹੀਂ ਮਿਲ ਸਕਦਾ :

ਅਤਿਥੀ ਦੇਖ ਨਹਿ ਦੇਵਹਿ ਦਾਨ, ਸੋ ਨਹਿ ਪਾਵਹਿ ਦਰਗਹਿ ਮਾਨ ।

ਧਨ ਦੀ ਸੇਵਾ ਕਰਨ ਨਾਲ ਸੇਵਕ ਦਾ ਮਾਇਆ ਪ੍ਰਤੀ ਬੇਲੋੜਾ ਮੋਹ ਟੁੱਟਦਾ ਹੈ । ਉਸ ਨੂੰ ਇਸ ਗੱਲ ਦੀ ਸੋਝੀ ਆ ਜਾਂਦੀ ਹੈ ਕਿ ਇਹ ਤਾਂ ਸਭ ਕੁਝ ਪ੍ਰਮਾਤਮਾ ਦਾ ਹੀ ਹੈ, ਜੀਵ ਦਾ ਇਥੇ ਕੁਝ ਵੀ ਨਹੀਂ। ਧਨ ਨਾਲ ਸੇਵਾ ਕਰਨ ਲੱਗਿਆਂ ਸੇਵਕ ਕਬੀਰ ਸਾਹਿਬ ਦੀਆਂ ਹੇਠ ਲਿਖੀਆਂ ਪੰਗਤੀਆਂ ਤੋਂ ਪ੍ਰੇਰਣਾ ਲੈਂਦਾ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ॥

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ਅੰਕ-੧੩੭੫

ਧਨ ਦੀ ਸੇਵਾ ਦੀ ਮਹੱਤਤਾ ਵੀ ਸਮਾਜਿਕ ਭਲਾਈ ਨੂੰ ਬੜ੍ਹਾਵਾ ਦੇਣ ਲਈ ਬਹੁਤ ਲਾਹੇਵੰਦੀ ਹੈ ਅਤੇ ਜ਼ਰੂਰੀ ਵੀ । ਗੁਰੂ ਸਾਹਿਬ ਨੇ ਇਸ ਨੂੰ ਕਈ ਪਹਿਲੂਆਂ ਤੋਂ ਲਾਭਕਾਰੀ ਹੋਣ ਕਾਰਨ ਪ੍ਰਵਾਨ ਚੜ੍ਹਾਇਆ ਹੈ । ਮਿਸਾਲ ਦੇ ਤੌਰ ਤੇ ਜਦੋਂ ਕੋਈ ਸੇਵਕ ਧਨ ਦੀ ਸੇਵਾ ਕਰ ਰਿਹਾ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਮਾਇਆ ਤੋਂ ਨਿਰਲੇਪ ਹੋਣ ਦੀ ਭਾਵਨਾ ਤੇ ਤਿਆਗ ਦੀ ਭਾਵਨਾ ਜਨਮ ਲੈਂਦੀ ਹੈ ਤੇ ਇਵੇਂ ਉਹ ਮਾਇਆ ਤੋਂ ਨਿਰਲੇਪ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਸਹਿਜ ਸੁਭਾਏ ਹੀ ਪਾਪ ਕਰਕੇ ਜਾਂ ਦੂਜਿਆਂ ਦਾ ਹੱਕ ਮਾਰ ਕੇ ਮਾਇਆ ਨੂੰ ਇਕੱਠੀ ਕਰਨ ਦੀ ਰੁੱਚੀ ਤੋਂ ਸੰਕੋਚ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਹੱਕ ਹਲਾਲ ਦੀ ਕਮਾਈ ਵਿਚ ਹੀ ਆਪਣਾ ਗੁਜ਼ਾਰਾ ਕਰਨ ਲਈ ਆਪਣੇ ਵਿਸ਼ਵਾਸ ਨੂੰ ਪ੍ਰਪੱਕ ਕਰਨ ਲੱਗ ਜਾਂਦਾ ਹੈ ਤੇ ਲੁੱਟ ਖਸੁੱਟ ਤੋਂ ਗੁਰੇਜ਼ ਕਰਦਾ ਹੈ । ਇਸ ਪ੍ਰਕਾਰ ਧਨ ਦੀ ਸੇਵਾ ਨੂੰ ਗੁਰਮਤਿ ਦੇ ਮੁਢਲੇ ਸਿਧਾਂਤਾਂ ਅਤੇ ਨਿਯਮਾਂ ਵਿਚ ਅਤਿਅੰਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ । ਪਰ ਇਥੇ ਇਹ ਗੱਲ ਬੜੇ ਸਪੱਸ਼ਟ ਰੂਪ ਵਿਚ ਸਮਝ ਲੈਣੀ ਚਾਹੀਦੀ ਹੈ ਕਿ ਧਨ ਜਾਂ ਪਦਾਰਥ ਦਾਨ ਵਾਲੇ ਵਿਅਕਤੀ ਨੇ ਇਹ ਧਨ ਦਸਾਂ ਨਹੁੰਆਂ ਦੀ ਕਿਰਤ ਕਰਕੇ ਕਮਾਇਆ ਹੋਵੇ, ਗਰੀਬਾਂ ਦਾ ਹੱਕ ਮਾਰ ਕੇ ਜਾਂ ਮਜ਼ਦੂਰਾਂ, ਕਿਰਤੀਆਂ ਦਾ ਖ਼ੂਨ ਚੂਸ ਕੇ ਨਹੀਂ । ਗੁਰੂ ਨਾਨਕ ਦੇਵ ਜੀ ਇਸ ਪ੍ਰਥਾਏ ਲਿਖਦੇ ਹਨ :

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਅੰਕ-੪੬੬/੬੭

ਧਨ ਦੀ ਇਹ ਸੇਵਾ ਵੀ ਤਦ ਹੀ ਪ੍ਰਵਾਨ ਹੈ ਜੇਕਰ ਕਿਸੇ ਲਾਲਚ, ਮਨੋਰਥ ਜਾਂ ਵਡਿੱਤਣ ਦੀ ਪ੍ਰਾਪਤੀ ਨੂੰ ਧਿਆਨ ਵਿਚ ਰੱਖੇ ਬਿਨਾਂ ਕੀਤੀ ਜਾਵੇ ਵਰਨਾ ਇਹ ਸੇਵਾ ਨਹੀਂ ਲੁਪਤ ਰੂਪ ਵਿਚ ਵੱਢੀ ਹੈ, ਘੂਸ ਹੈ ਜਾਂ ਕੋਹਝਾ ਹੱਥਕੰਡਾ ਹੈ । ਤਰਸ ਨੂੰ ਸਾਹਮਣੇ ਰੱਖ ਕੇ ਕੀਤੀ ਧਨ ਦੀ ਸੇਵਾ ਵੀ ਬਹੁਤ ਵਾਰੀ ਹਉਮੈ ਨੂੰ ਜਗਾ ਦੇਂਦੀ ਹੈ, ਇਸ ਲਈ ਧਨ ਦੀ ਸੇਵਾ ਕਰਨ ਲੱਗਿਆਂ ਬਹੁਤ ਸੁਚੇਤਤਾ ਤੋਂ ਕੰਮ ਲੈਣਾ ਅਤੀ ਜ਼ਰੂਰੀ ਹੈ । ਆਮ ਪੁੰਨ ਦਾਨ ਅਤੇ ਧਨ ਦੀ ਸੇਵਾ ਵਿਚ ਇਹੀ ਅੰਤਰ ਹੈ ਕਿ ਪੁੰਨ ਦਾਨ ਕਰਨ ਨਾਲ ਮਨ ਵਿਚ ਹੰਕਾਰ ਦੇ ਵਧਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਪ੍ਰੰਤੂ ਸੇਵਾ ਨਾਲ ਮਨ ਵਿਚ ਨਿਮਰਤਾ ਆਉਂਦੀ ਹੈ ਜਿਸ ਕਰਕੇ ਮਨ ਤ੍ਰਿਸ਼ਨਾਵਾਂ ਪਿਛੇ ਭੱਜਣਾ ਛੱਡ ਦੇਂਦਾ ਹੈ । ਇਹ ਵੀ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ । ਇਸ ਪ੍ਰਾਪਤੀ ਨੂੰ ਅਰਜਤ ਕਰਨ ਅਤੇ ਉਸ ਤੋਂ ਮਗਰੋਂ ਬਣਾਈ ਰੱਖਣ ਲਈ ਆਪਣੇ ਮਨ ਨੂੰ ਆਪਣੇ ਸਤਿਗੁਰੂ ਅੱਗੇ ਵੇਚਣਾ ਪੈਂਦਾ ਹੈ । '**ਮਨ ਬੇਚੈ ਸਤਿਗੁਰ ਕੇ ਪਾਸਿ । ਤਿਸੁ ਸੇਵਕ ਕੇ ਕਾਰਜ ਰਾਸਿ ।**' ਪਰ ਜਿਹੜਾ ਵਿਅਕਤੀ ਦੂਜੇ ਸੇਵਕਾਂ ਦੀਆਂ ਬਾਹਰਲੀਆਂ ਕਿਰਿਆਵਾਂ ਦੀ ਕੇਵਲ ਨਕਲ ਹੀ ਕਰ ਰਿਹਾ ਹੁੰਦਾ ਹੈ ਅਤੇ ਸੇਵਾ ਕਰਨ ਵੇਲੇ ਜਿਸ ਪ੍ਰਕਾਰ ਦੀ ਮਾਨਸਿਕ ਸਥਿਤੀ ਦੀ ਲੋੜ

ਹੁੰਦੀ ਹੈ ਉਸ ਤੋਂ ਅਣਜਾਣ ਹੁੰਦਾ ਹੈ, ਉਹ ਗੁਰੂ ਸਾਹਿਬ ਅਨੁਸਾਰ, ਮਨਮੁਖਤਾ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲਿਆ ਹੁੰਦਾ ਅਤੇ ਸੇਵਾ ਦੀ ਸਾਰਥਿਕਤਾ ਅਤੇ ਮਹਾਨਤਾ ਬਾਰੇ ਉਸ ਨੂੰ ਪੂਰੀ ਸੋਝੀ ਨਹੀਂ ਹੁੰਦੀ।

**ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥**

**ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ – ਅੰਗ ੨੮**

ਇਸ ਲਈ ਜੋ ਸੇਵਕ ਭਾਵੇਂ ਆਪਣੇ ਸਤਿਗੁਰੂ ਦੀ ਸੇਵਾ ਕਰ ਰਿਹਾ ਹੋਵੇ ਜਾਂ ਸੰਗਤ ਦੀ ਭਾਵੇਂ ਕਿਸੇ ਅਤਿੱਥੀ ਜਾਂ ਲੋੜਵੰਦ ਦੀ, ਗੁਰੂ ਘਰ ਵਿਚ ਪ੍ਰਵਾਨ ਹੋਣ ਲਈ ਹਰ ਹਾਲਤ ਵਿਚ ਸੇਵਾ ਕਰਨ ਵੇਲੇ ਉਸ ਦੇ ਮਨ ਦਾ ਇਕਾਗਰ ਤੇ ਹਲੀਮ ਹੋਣਾ ਜ਼ਰੂਰੀ ਹੈ। ਸਬਰ ਸੰਤੋਖ ਵਾਲੀਆਂ ਬਿਰਤੀਆਂ ਬਹੁਤ ਸਹਾਈ ਸਿੱਧ ਹੋ ਸਕਦੀਆਂ ਹਨ। ਇਸ ਬਾਰੇ ਫਰੀਦ ਜੀ ਦਾ ਉਪਦੇਸ਼ ਯਾਦ ਰੱਖਣ ਦੀ ਲੋੜ ਹੈ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥ ਅੰਗ ੧੩੭੯

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ ਅੰਗ ੪੬੮

ਨਿਸ਼ਕਾਮ ਸੇਵਕ ਨੇ ਤਾਂ ਦੇਣਾ ਹੀ ਦੇਣਾ ਹੈ, ਲੈਣਾ ਕੁਝ ਵੀ ਨਹੀਂ ਤੇ ਨਾ ਹੀ ਲੈਣ ਦੀ ਲਾਲਸਾ ਪੈਦਾ ਹੋਣ ਦੇਣੀ ਹੈ ਪ੍ਰੰਤੂ ਫਿਰ ਵੀ ਸੇਵਕ ਦੇ ਮਨ ਵਿਚ ਸੰਤੋਖ ਨਹੀਂ ਤਾਂ ਉਹ ਲੋਭੀ ਹੋ ਜਾਵੇਗਾ ਤੇ ਉਸ ਵੱਲੋਂ ਕੀਤੀ ਜਾ ਰਹੀ ਸੇਵਾ ਚਾਹੇ ਓਹ ਤਨ ਦੀ ਹੈ, ਮਨ ਦੀ ਹੈ ਜਾਂ ਧਨ ਦੀ ਹੈ, ਨਿਰਾਰਥਕ ਹੋ ਜਾਵੇਗੀ ਕਿਉਂਕਿ ਲੋਭੀ ਭਾਵਨਾ ਰੱਖਣ ਕਾਰਨ ਉਹ ਆਪਣੇ ਕੋਲ ਜੋ ਕੁਝ ਹੈ ਉਸ ਤੋਂ ਵੱਧ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ ਤੇ ਦੂਸਰਿਆਂ ਦਾ ਲਹੂ ਪੀਣ ਤੋਂ ਵੀ ਗੁਰੇਜ਼ ਨਹੀਂ ਕਰੇਗਾ। ਅਜਿਹੀ ਮਾਨਸਿਕ ਸਥਿਤੀ ਵਿਚ ਕੀਤੀ ਗਈ ਸੇਵਾ ਗੁਰਮਤਿ ਅਨੁਸਾਰ ਪ੍ਰਵਾਨ ਨਹੀਂ ਕੀਤੀ ਜਾਂਦੀ ਇਸ ਲਈ ਸੰਤੋਖ ਤੇ ਤਿਆਗ ਹੀ ਅਜਿਹੇ ਗੁਣ ਹਨ ਜਿਨ੍ਹਾਂ ਨੂੰ ਗ੍ਰਹਿਣ ਕੀਤੇ ਬਿਨਾਂ ਕੋਈ ਵਿਅਕਤੀ ਆਪਣੀ ਮਾਨਸਿਕ ਸਥਿਤੀ ਨੂੰ ਸੰਤੁਲਿਤ ਰੱਖ ਕੇ ਸ਼ੁੱਧ, ਸੰਪੂਰਣ ਅਤੇ ਬੇਲਾਗ ਸੇਵਾ ਵਲ ਰੁਚਿੱਤ ਨਹੀਂ ਹੋ ਸਕਦਾ।

ਗਣਤੈ (ਗਿਣਤੀ ਕਰਨ ਨਾਲ) ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ ਅੰਕ–੧੨੪੬

ਇਸ ਲਈ ਜੇਕਰ ਸੇਵਾ ਦੇ ਮਾਧਿਅਮ ਰਾਹੀਂ ਪ੍ਰਭੂ ਪ੍ਰਾਪਤੀ ਦਾ ਆਨੰਦ ਲੈਣਾ ਹੋਵੇ ਤਾਂ ਇਹ ਸੇਵਾ ਹਰ ਲਿਹਾਜ਼ ਨਾਲ ਸੁੱਚੀ, ਬੇਲਾਗ, ਨਿਸ਼ਕਾਮ ਤੇ ਨਿਰਸਵਾਰਥ ਹੋਣੀ ਚਾਹੀਦੀ ਹੈ। ਹਉਮੈ ਰਹਿਤ ਸੇਵਾ ਹੀ ਸੇਵਾ ਦੇ ਖੇਤਰ ਵਿਚ ਟਿੱਕ ਸਕਦੀ ਹੈ। ਗੁਰਬਾਣੀ ਅਨੁਸਾਰ ਸੇਵਾ ਦੀ ਮਹਾਨ ਮਹੱਤਤਾ ਨੂੰ ਦੇਖਦਿਆਂ ਹੋਇਆਂ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਸੇਵਾ ਮਾਨਵ ਸਮਾਜ ਵਿਚ ਅਮਲੀ ਪ੍ਰੇਮ ਪਿਆਰ ਦੀ ਪ੍ਰਦਰਸ਼ਨੀ ਹੈ, ਸੁਹਿਰਦਤਾ ਦਾ ਪਸਾਰਾ ਕਰਨ ਦਾ ਅਨੂਠਾ ਸਾਧਨ ਹੈ, ਮਨੁੱਖੀ ਭਾਈਚਾਰੇ ਨੂੰ ਸਾਰਥਕ ਤੇ ਸੁਦ੍ਰਿੜ੍ਹ ਕਰਨ ਲਈ ਕਾਰਗਰ ਮੰਤਰ ਹੈ, ਹਲੀਮੀ, ਸੰਤੋਖ, ਤਿਆਗ ਤੇ ਸਹਿਜਤਾ ਗ੍ਰਹਿਣ ਕਰਨ ਲਈ ਸ਼ਕਤੀਸ਼ਾਲੀ ਸਰੋਤ ਹੈ ਅਤੇ ਅਕਾਲਪੁਰਖ ਦੇ ਦਰਬਾਰ ਤੱਕ ਰਸਾਈ ਪਾਉਣ ਲਈ ਗਾਡੀ ਰਾਹ ਹੈ।

ਸਤਿਗੁਰੁ ਸੇਵਿ ਸਰਬ ਫਲ ਪਾਏ ॥

ਜਨਮ ਜਨਮ ਕੀ ਮੈਲੁ ਮਿਟਾਏ ॥੧॥ ਭੈਰਉ (ਮਃ ੫) ਗੁਰੂ ਗ੍ਰੰਥ ਸਾਹਿਬ – ਅੰਗ ੧੧੩੮

ਧੰਨਵਾਦਿ ਸਹਿਤ ਵਿਚੋਂ "ਗੁਰਬਾਣੀ ਸੰਕਲਪ"

# ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥

ਡਾ. ਕੁਲਦੀਪ ਕੌਰ

ਮਨੁੱਖ ਨੂੰ ਸਾਰੀਆਂ ਜੂਨਾਂ ਦਾ ਸਰਦਾਰ ਆਖਿਆ ਗਿਆ ਹੈ :

ਅਵਰ ਜੋਨਿ ਤੇਰੀ ਪਨਿਹਾਰੀ ॥

ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ – ਅੰਗ ੩੭੪

ਸਿਕਦਾਰੀ ਪ੍ਰਾਪਤ ਹੋਣ ਨਾਲ ਮਨੁੱਖਾ ਜੀਵਨ ਦਾ ਆਦਰਸ਼ ਵੀ ਸਭ ਜੂਨਾਂ ਦੇ ਜੀਵਾਂ ਨਾਲੋਂ ਵਿਲੱਖਣ ਅਤੇ ਸ੍ਰੇਸ਼ਠ ਬਣ ਜਾਂਦਾ ਹੈ । ਇਸ ਆਦਰਸ਼ ਬਾਰੇ ਮਨੁੱਖ ਨੂੰ ਇਸ ਤਰ੍ਹਾਂ ਚੇਤਾਵਨੀ ਕਰਾਈ ਗਈ ਹੈ :

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥ (ਅੰਗ 12)

ਪ੍ਰਭੂ ਅਤੇ ਨਾਮ ਵਿੱਚ ਕੋਈ ਅੰਤਰ ਨਹੀਂ । ਪ੍ਰਭੂ ਦੀ ਅਦ੍ਰਿਸ਼ਟ ਸੱਤਾ ਆਪਣੇ ਨਾਮ ਰਾਹੀਂ ਮਾਨਵ ਹਿਰਦੇ ਵਿੱਚ ਆਪਣਾ ਸਰੂਪ ਉਘਾੜਦੀ ਹੈ । ਉਸ ਨੂੰ ਮਿਲਣ ਦਾ ਸਾਧਨ ਨਾਮ ਹੈ ਜੋ ਮਨੁੱਖ ਦੇ ਮਨ ਬਚ ਕਰਮ ਵਿਚੋਂ ਪ੍ਰਗਟ ਹੁੰਦਾ ਹੈ । ਨਾਮ ਦਾ ਜਾਪ ਸਾਧ ਜਨਾਂ ਦੀ ਸੰਗਤ ਵਿੱਚ ਜਾ ਕੇ ਕੀਤਾ ਜਾਂਦਾ ਹੈ । ਪੂਰਨ ਸਾਧ ਸਤਿਗੁਰੂ ਹੈ ਜਿਸ ਨੂੰ ਅਕਾਲ ਪੁਰਖ ਨੇ ਭੇਜਿਆ ਹੀ ਇਸੇ ਲਈ ਹੈ ਕਿ ਮਾਨਵਤਾ ਨੂੰ ਅੰਧਕਾਰ ਵਿੱਚੋਂ ਕੱਢ ਕੇ ਪਰਮਾਤਮ ਗਿਆਨ ਦੇ ਪ੍ਰਕਾਸ਼ ਵਿੱਚ ਲਿਆਂਦਾ ਜਾਵੇ:

ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ ( ਅੰਗ 21)

ਪ੍ਰਭੂ ਦਰਸ਼ਨਾਂ ਦੀ ਤੀਰਥ ਲੋਚਾ ਵਾਲੇ ਸੰਤ ਜਨ ਸਦਾ ਸਤਿਗੁਰੂ ਦੀ ਭਾਲ ਵਿੱਚ ਰਹਿੰਦੇ ਹਨ ਅਤੇ ਜੋਦੜੀਆਂ ਕਰਦੇ ਹਨ :

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥
ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥੧॥
ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ॥੧॥ ਰਹਾਉ ॥
(ਅੰਗ ੪੧)

ਪ੍ਰਭੂ ਦੇ ਦਰਸ਼ਨ ਸਤਿਗੁਰੂ ਰਾਹੀਂ ਹੁੰਦੇ ਹਨ, ਪਰ ਪ੍ਰਭੂ ਦੀ ਕਿਰਪਾ ਬਿਨਾਂ ਸਤਿਗੁਰੂ ਨਾਲ ਮੇਲ ਨਹੀਂ ਹੋ ਸਕਦਾ । ਇਸ ਲਈ ਹਰਿ ਪ੍ਰਭੂ ਅੱਗੇ ਬੇਨਤੀ ਕੀਤੀ ਗਈ ਹੈ :

ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥

ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥ (ਅੰਗ 603)

ਪ੍ਰਭੂ ਦੀ ਬੇਅੰਤ ਰਚਨਾ ਵਿਚ ਮਨੁੱਖ ਕਦੇ ਵੀ ਇਕੱਲਾ ਨਹੀਂ ਹੁੰਦਾ । ਉਸਦਾ ਸਭ ਤੋਂ ਨੇੜੇ ਦਾ ਸਬੰਧ ਕੁਦਰਤ ਨਾਲ ਹੈ । ਕੁਦਰਤ ਅਤੇ ਮਨੁੱਖ ਦਾ ਆਦਿ ਕਾਲ ਤੋਂ ਹੀ ਬੜਾ ਨਿੱਘਾ ਰਿਸ਼ਤਾ ਚਲਿਆ ਆ ਰਿਹਾ ਹੈ । ਇਹ ਇੱਕ ਦੂਜੇ ਤੋਂ ਅੱਡਰੇ ਨਹੀਂ ਸਗੋ ਇੱਕ ਹੀ ਸ਼ਕਤੀ ਦੇ ਦੋ ਬਾਹਰੀ ਸਰੂਪ ਹਨ ।

ਕੁਦਰਤ ਵਿੱਚ ਵਿਆਪਕ ਆਤਮਾ ਨਾਲ ਮਾਨਵਾਤਮਾ ਦੀ ਸਾਂਝ ਹੋਣ ਕਰਕੇ ਹੀ ਕੁਦਰਤ ਕੋਲੋਂ ਮਨੁੱਖ ਨੂੰ ਅਨੰਦ ਅਤੇ ਖੇੜੇ ਦੀ ਪ੍ਰਾਪਤੀ ਹੁੰਦੀ ਹੈ। ਵਾਸਤਵ ਵਿੱਚ ਮਨੁੱਖ ਵੀ ਕੁਦਰਤ ਦਾ ਇਕ ਅੰਗ ਹੈ। ਪਰ ਜਦੋਂ ਉਹ ਕੁਦਰਤ ਵਿੱਚ ਵਿਆਪਕ ਸੱਤਾ ਤੋਂ ਦੂਰ ਹੋ ਜਾਂਦਾ ਹੈ ਤਾਂ ਉਹ ਆਪਣੇ ਅਸਲੇ ਨਾਲੋਂ ਟੁੱਟ ਕੇ ਟਾਹਣੀ ਨਾਲੋਂ ਟੁੱਟੇ ਫੁੱਲ ਵਾਂਗ ਮੁਰਝਾ ਜਾਂਦਾ ਹੈ। ਮਨੁੱਖ ਦਾ ਕੁਦਰਤ ਨਾਲ ਜਿੰਨਾ ਰਾਗਾਤਮਕ ਸੰਬੰਧ ਹੋਵੇ, ਉਸੇ ਮਾਤ੍ਰਾ ਵਿੱਚ ਉਹ ਅਨੰਦ ਅਨੁਭਵ ਕਰਦਾ ਹੈ। ਕੁਦਰਤ ਪਵਿਤ੍ਰ ਹੈ, ਨਿਰਮਲ ਹੈ, ਸਵੱਛ ਹੈ। ਮਨੁੱਖ ਦੇ ਅੰਦਰ ਵੀ ਇਹ ਸਾਰੇ ਗੁਣ ਮੌਜੂਦ ਹਨ। ਪਰ ਮਾਨਵ ਹਿਰਦੇ ਉੱਤੇ ਵਿਕਾਰਾਂ ਦੀ ਮੈਲ ਚੜ੍ਹੀ ਹੋਣ ਕਰਕੇ ਉਸ ਅੰਦਰ ਲੁਕੇ ਵਾਸਤਵਿਕ ਸੱਚ ਉੱਤੇ ਪਰਦਾ ਤਣਿਆ ਰਹਿੰਦਾ ਹੈ। ਕੁਦਰਤ ਦੀ ਪਵਿੱਤ੍ਰਤਾ ਤੇ ਨਿਰਮਲਤਾ ਵਿਚੋਂ ਉਸਨੂੰ ਸਿਰਜਨਾਤਮਕ ਸ਼ਕਤੀ ਦੀ ਝਲਕ ਮਿਲ ਜਾਂਦੀ ਹੈ। ਇਹੋ ਕਾਰਣ ਹੈ ਕਿ ਮਨੁੱਖ ਆਰੰਭ ਤੋਂ ਹੀ ਪ੍ਰਭੂ ਪ੍ਰਾਪਤੀ ਲਈ ਯਤਨ ਕਰਦਾ ਹੋਇਆ ਪ੍ਰਕਿਰਤੀ ਦੀ ਗੋਦ ਭਾਲਦਾ ਰਿਹਾ ਹੈ। ਪਵਿਤ੍ਰਤਾ, ਨਿਰਮਲਤਾ ਤੇ ਸੁਹਿਰਦਤਾ ਦੇ ਕਾਰਣ ਮਨੁੱਖ ਨੂੰ ਆਪਣੇ ਸਾਥੀ ਮਨੁੱਖਾਂ ਨਾਲੋਂ ਕੁਦਰਤ ਵਧੇਰੇ ਖਿੱਚ ਪਾਉਂਦੀ ਹੈ। ਕੁਦਰਤ ਆਪਣੇ ਗੁਣਾਂ ਨੂੰ ਲੁਕਾ ਕੇ ਨਹੀਂ ਰੱਖਦੀ ਸਗੋਂ ਬ੍ਰਹਮਗਿਆਨੀ ਵਾਂਗ ਖੁੱਲ੍ਹੇ ਹੱਥੀਂ ਦਾਤਾਂ ਵੰਡਦੀ ਹੈ।

ਰੁੱਤਾਂ ਬਦਲਣ ਨਾਲ ਕੁਦਰਤ ਦਾ ਸਰੂਪ ਵੀ ਬਦਲਦਾ ਹੈ। ਗਰਮੀ, ਸਰਦੀ, ਬਹਾਰ, ਪਤਝੜ ਆਦਿ ਵਿੱਚ ਕੁਦਰਤ ਦੇ ਵੱਖਰੇ ਵੱਖਰੇ ਸਰੂਪ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਸਾਰਿਆਂ ਦਾ ਪ੍ਰਭਾਵ ਵੀ ਅੱਡ ਅੱਡ ਹੁੰਦਾ ਹੈ। ਕੁਦਰਤ ਵਿੱਚ ਲੁਕੇ ਬਹੁਰੰਗੇ ਰਸਾਂ ਨੂੰ ਕੋਈ ਰਸਿਕ ਵਿਅਕਤੀ ਹੀ ਅਨੁਭਵ ਕਰ ਸਕਦਾ ਹੈ। ਨਿਰਮਲ ਪੰਥ ਚਲਾਉਣ ਲਈ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਤੋਂ ਬਖਸ਼ਿਸ਼ ਦੇ ਭੰਡਾਰੇ ਲੈ ਕੇ ਆਏ ਸ੍ਰੀ ਗੁਰੂ ਨਾਨਕ ਦੇਵ ਜੀ ਕੁਦਰਤ ਦੀ ਗੋਦ ਵਿੱਚ ਹੁਲਾਰੇ ਲੈਂਦੇ ਰਹੇ। ਆਪ ਜਿੱਥੇ ਜਾਂਦੇ ਕੁਦਰਤ ਦੇ ਖੇੜੇ ਵਿਚ ਅਨੰਦ ਮਾਣਦੇ ਹੋਏ 'ਸਾਚ ਨਾਮ ਦੀ ਅੰਮ੍ਰਿਤ ਵਰਖਾ' ਆਰੰਭ ਕਰ ਦੇਂਦੇ। ਪਸ਼ੂਆਂ ਪੰਛੀਆਂ ਉੱਤੇ ਵੀ ਇਸਦਾ ਪ੍ਰਭਾਵ ਪੈਂਦਾ।

ਕਾਦਰ ਦੀ ਕੁਦਰਤ ਦੇ ਸਾਰੇ ਅੰਗਾਂ ਵਿੱਚ ਪਰਸਪਰ ਸੰਬੰਧ ਹੈ। ਪ੍ਰਕਿਰਤੀ ਦੀ ਸੁਭਾਵ-ਟੁੰਬ ਨਾਲ ਪਵਿਤ੍ਰ ਆਤਮਾਵਾਂ ਕੁਦਰਤੀ ਰਸ ਦਾ ਸੁਆਦ ਅਨੁਭਵ ਕਰਦੀਆਂ ਹਨ; ਅਤੇ ਮਹਾਨ ਤੇ ਦੈਵੀ ਰੰਗ ਰੰਗੀਆਂ ਆਤਮਾਵਾਂ ਦਾ ਪ੍ਰਵੇਸ਼ ਪ੍ਰਕਿਰਤੀ ਅੰਦਰ ਹੁਲਾਰਾ ਪੈਦਾ ਕਰਦਾ ਹੈ। ਇਸ ਲਈ ਇਨ੍ਹਾਂ ਦਾ ਇਕ ਦੂਜੇ ਦੇ ਦੁੱਖ-ਸੁੱਖ ਵਿਖ ਸ਼ਰੀਕ ਹੋਣਾ ਸੁਭਾਵਿਕ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਕੁਦਰਤ ਦੇ ਇਕ ਹੀ ਸਰੂਪ ਦੇ ਭਿੰਨ ਭਿੰਨ ਅਵਸਥਾਵਾਂ ਵਿਚ ਵਿਚਰ ਰਹੇ ਵਿਅਕਤੀਆਂ ਉੱਤੇ ਪੈਂਦੇ ਪ੍ਰਭਾਵ ਦੀ ਵਿਭਿੰਨਤਾ ਨੂੰ ਕਿੰਨੀ ਸਪਸ਼ਟਤਾ ਨਾਲ ਵਰਣਨ ਕੀਤਾ ਹੈ :

ਉਂਨਵਿ ਉਂਨਵਿ ਆਇਆ ਵਰਸੈ ਨੀਰ ਨਿਪੰਗੁ ॥
ਨਾਨਕ ਦੁਖੁ ਲਾਗਾ ਤਿਨ ਕਾਮਣੀ, ਜਿੰਨ ਕੰਤੈ ਸਿਉ ਮਨਿ ਭੰਗੁ ॥
ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥ (ਅੰਗ 1280)

ਗੁਰਬਾਣੀ ਵਿਚ ਕੁਦਰਤ ਦੇ ਭਾਂਤ ਭਾਂਤ ਦੇ ਸਰੂਪਾਂ ਦਾ ਵਰਣਨ ਕਰਦੇ ਹੋਏ, ਸੁੰਦਰ, ਨਿਰਮਲ ਤੇ ਪਾਵਨ ਦ੍ਰਿਸ਼ਾਂ ਦੇ ਚਿਤਰ ਖਿੱਚ ਕੇ 'ਸੁੰਦਰ ਸਰੂਪ' ਪ੍ਰਭੂ ਦੇ ਦਰਸ਼ਨਾਂ ਦੀ ਲੋਚਾ ਪੈਦਾ ਕੀਤੀ ਗਈ ਹੈ। ਬਾਹਰ ਮਾਹਾ, ਰੁੱਤਾਂ, ਥਿਤਾਂ ਅਤੇ ਦਿਨਾਂ ਵਾਰਾਂ ਬਾਰੇ ਛੰਤਾਂ ਦੀ ਰਚਨਾ ਹੋਈ। ਪਰ ਇਹ ਵੀ ਸਪਸ਼ਟ ਕੀਤਾ ਗਿਆ ਕਿ ਰੁੱਤ ਵਿਚ ਆਈ ਤਬਦੀਲੀ ਨਾਲ ਕਿਸੇ ਦਿਨ ਦੀ ਮਹਾਨਤਾ ਘਟਦੀ ਵਧਦੀ ਨਹੀਂ,

ਕਿਉਂਕਿ :

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥ ( ਅੰਗ ੧੦੧੫)

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥੧॥ (ਅੰਗ ੩੧੮)

ਰੁੱਤਾਂ ਵਿੱਚ ਸਭ ਤੋਂ ਚੰਗੀ ਬਸੰਤ ਰੁਤ ਮੰਨੀ ਗਈ ਹੈ ਜਦੋਂ ਬਨਾਸਪਤੀ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਇਸ ਰੁਤ ਵਿੱਚ "ਕੁਸਮ ਬਸੰਤ ਗਣੰਤ ਨ ਆਵੈ ॥" ਸੁਭਾਵਿਕ ਹੈ ਕਿ ਫੁੱਲਾਂ ਦਾ ਖੇੜਾ ਮਾਨਵ ਹਿਰਦੇ ਵਿਚ ਖੇੜਾ ਭਰ ਦੇਵੇਗਾ; ਪਰ ਈਰਖਾ ਤੇ ਦਵੈਤ ਵਿਚ ਸੜ ਰਹੇ ਮਨੁੱਖ ਉੱਤੇ ਤਾਂ ਇਸ ਖੇੜੇ ਦਾ ਵੀ ਕੋਈ ਅਸਰ ਨਹੀਂ ਹੁੰਦਾ :

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥
ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥ - ਬਸੰਤੁ (ਮਃ ੩) ਅੰਗ 1176

ਬਹਾਰ ਰੁਤ ਦੇ ਖੇੜੇ ਵਿਚ ਖਿੜਨ ਲਈ ਤਾਂ ਸ਼ਰਤ ਹੈ:

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ - ਬਸੰਤੁ (ਮਃ ੩) ਅੰਗ 1176

ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥ - ਬਸੰਤੁ (ਮਃ ੩) ਅੰਗ 1176

ਰੁੱਤ ਪਰਿਵਰਤਨ ਨਾਲ ਕੁਦਰਤ ਵਿਚ ਆਈ ਤਬਦੀਲੀ ਪ੍ਰਭੂ ਪ੍ਰੇਮੀਆਂ ਦੇ ਮਨਾਂ ਉਤੇ ਜੋ ਪ੍ਰਭਾਵ ਪਾਉਂਦੀ ਹੈ ਉਸਦਾ ਕਾਰਨ ਹੈ ਕੁਦਰਤ ਅਤੇ ਕਾਦਰ ਦਾ ਸਬੰਧ। ਭਾਈ ਨੰਦ ਲਾਲ ਜੀ ਨੇ ਕੁਦਰਤ ਅਤੇ ਕਾਦਰ ਦੇ ਸਬੰਧ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ ਅਕਾਲਪੁਰਖ ਕੁਦਰਤ ਵਿਚ ਵਸਦਾ ਹੈ ਅਤੇ ਕੁਦਰਤ ਰਾਹੀਂ ਪ੍ਰਗਟ ਹੁੰਦਾ ਹੈ। ਕੁਦਰਤ ਅਤੇ ਕਰਤਾਰ ਆਪਸ ਵਿਚ ਅਭੇਦ ਹਨ। ਇਨ੍ਹਾਂ ਵਿਚਕਾਰ ਵਖਰੇਵੇਂ ਦਾ ਕੋਈ ਪਰਦਾ ਨਹੀਂ :

ਕਾਦਿਰਿ ਮੁਤਲਕ ਬ ਕੁਦਰਤ ਜ਼ਾਹਿਰ ਅਸਤ। ਦਰਮਿਆਨੇ ਕੁਦਰਤੇ ਖੁਦ ਕਾਰਿ ਅਸਤ ॥

ਕਾਦਿਰੋ ਕੁਦਰਤ ਬਹਮ ਅਮੇਖਤੰਦ ॥ ਆ ਮਤਾਏ ਗੈਰਿ ਹਕ ਰਾ ਰੇਖਤੰਦ ॥(ਜਿੰਦਗੀ ਨਾਮਾ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ ਰੁੱਤਾਂ ਦਾ ਵਰਣਨ ਕਰਦੇ ਹੋਏ ਬਸੰਤ ਬਾਰੇ ਲਿਖਿਆ ਹੈ :

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥

ਅਤੇ ਬਾਰਹ ਮਾਹ ਵਿਚ ਫਰਮਾਇਆ ਹੈ :

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ ਮਾਝ ਬਾਰਹਮਾਹਾ (ਮਃ ੫) - ਅੰਗ ੧੩੪

ਕੁਦਰਤ ਵਿਚ ਕਾਦਿਰ ਦਾ ਜਲਵਾ ਅਤੇ ਮਨੁੱਖੀ ਮਨ 'ਜੋਤ ਸਰੂਪ' ਹੋਣ ਕਰਕੇ, ਜੇ ਮਾਨਵ ਮਨ ਨੂੰ ਆਪਣੇ ਅਸਲੇ ਦੀ ਥੋੜ੍ਹੀ ਬਹੁਤ ਪਛਾਣ ਹੋਵੇ ਜਾਂ ਪਛਾਣ ਕਰਨ ਦੀ, ਆਪਣੇ ਮੂਲ ਨਾਲ ਇਕਸੁਰ ਹੋਣ ਦੀ ਭਾਵਨਾ ਮੌਜੂਦ ਹੋਵੇ; ਤਾਂ ਨੈਣਾਂ ਵਾਲਿਆਂ ਨੂੰ ਕੁਦਰਤ ਵਿਚੋਂ ਕਾਦਿਰ ਦੇ ਦਰਸ਼ਨ ਹੋਣ ਲੱਗ ਜਾਂਦੇ ਹਨ

। ਉਹ ਆਪ ਸੂਰਜ ਰੂਪ ਹੈ, ਇਸ ਲਈ ਕੁਦਰਤ ਦੇ ਸਰੂਪ ਵਿੱਚੋਂ ਉਸਦੇ ਹੀ ਦਰਸ਼ਨ ਹੁੰਦੇ ਹਨ ਅਤੇ ਉਸਨੂੰ ਮਿਲਣ ਦੀ ਭਾਵਨਾ ਪ੍ਰੇਮ ਦਾ ਰੂਪ ਧਾਰ ਲੈਂਦੀ ਹੈ। ਪ੍ਰੇਮ ਭਾਵਨਾ ਨਾਲ ਜਿਉਂ ਜਿਉਂ ਵਿਕਾਰਾਂ ਦੀ ਮੈਲ ਦੂਰ ਹੁੰਦੀ ਹੈ, ਮਨੁੱਖ ਕੁਦਰਤ ਵਿਚੋਂ ਕਾਦਰ ਦੀ ਝਲਕ ਅਨੁਭਵ ਕਰਨ ਲੱਗ ਜਾਂਦਾ ਹੈ । ਇਸੇ ਲਈ ਕੁਦਰਤ ਦਾ ਖੇੜਾ ਉਸਨੂੰ ਖੇੜੇ ਦਾ ਰੂਪ ਦੇਣ ਦੇ ਸਮਰਥ ਹੁੰਦਾ ਹੈ ।

ਚੇਤ ਮਹੀਨੇ ਵਿੱਚ ਆਰੰਭ ਹੋਈ ਬਸੰਤ, ਵੈਸਾਖ ਦੇ ਪ੍ਰਵੇਸ਼ ਤੱਕ ਸਿਖਰ ਤੇ ਪਹੁੰਚ ਜਾਂਦੀ ਹੈ । ਸਾਧਾਰਣ ਦ੍ਰਿਸ਼ਟੀ ਵਾਲਿਆਂ ਲਈ ਵੈਸਾਖੀ ਦੀ ਵਿਸ਼ੇਸ਼ਤਾ ਕੇਵਲ ਕੁਦਰਤ ਦੀ ਬਾਹਰੀ ਸੁੰਦਰਤਾ ਦੇ ਕਾਰਣ ਹੀ ਹੈ । ਪਰ ਗੁਰਮਤਿ ਅਨੁਸਾਰ ਰੁੱਤਾਂ ਦੇ ਹੇਰ ਫੇਰ ਨਾਲ ਕਿਸੇ ਦਿਨ ਦਾ ਮਹੱਤਵ ਘਟਦਾ ਵਧਦਾ ਨਹੀਂ । ਮੂਲ ਵਸਤੂ ਪ੍ਰਭੂ ਪ੍ਰੇਮ ਹੈ । ਇਹ ਜਿਸ ਰੁੱਤ ਵਿਚ ਵੀ ਹੋਵੇ, ਉਹ ਹੀ ਸੁਲੱਖਣੀ ਰੁੱਤ ਕਹੀ ਜਾਂਦੀ ਹੈ । ਪ੍ਰੇਮ ਚੰਗਿਆੜੀ ਨੂੰ ਫੂਕਾਂ ਮਾਰ ਕੇ ਉਸ ਵਿਚੋਂ ਸ਼ੁਅਲੇ ਪੈਦਾ ਕਰਨ ਵਿਚ ਜੋ ਰੁੱਤ ਸਹਾਇਕ ਹੋਵੇ, ਉਹ ਵੀ ਮਹਾਨ ਤੇ ਪ੍ਰਭਾਵ ਸ਼ਾਲੀ ਕਹੀ ਜਾ ਸਕਦੀ ਹੈ । ਮਨੋ ਵਿਗਿਆਨਕ ਦ੍ਰਿਸ਼ਟੀ ਤੋਂ ਇਸ ਮਨੋਰਥ ਦੀ ਪੂਰਤੀ ਲਈ ਬਸੰਤ ਰੁਤ ਵਧੇਰੇ ਸਹਾਇਕ ਸਿੱਧ ਹੁੰਦੀ ਹੈ । ਇਹ ਹੀ ਵਿਸ਼ੇਸ਼ਤਾ ਹੈ ਵੈਸਾਖੀ ਦੀ, ਜੋ ਮਾਨਵ ਹਿਰਦੇ ਵਿਚ 'ਸੁਰਤਿ ਸਬਦਿ' ਦੇ ਮੇਲ ਦੁਆਰਾ ਪ੍ਰਭੂ ਪ੍ਰਾਪਤੀ ਦੇ ਪੰਧ ਤੇ ਟੋਰਦੀ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਤੋਂ ਜ਼ਾਹਿਰ ਹੁੰਦਾ ਹੈ ਕਿ ਬਸੰਤ ਦਾ ਖੇੜਾ ਜੇ ਮਾਨਵ ਹਿਰਦੇ ਵਿਚ ਸੁਰਤਿ ਸਬਦਿ ਦਾ ਮੇਲ ਕਰਾਕੇ ਖੇੜਾ ਭਰਦਾ ਹੋਵੇ, ਤਾਂ ਵੈਸਾਖੀ ਪ੍ਰਭੂ ਪ੍ਰਾਪਤੀ ਦਾ ਸਾਧਨ ਬਣ ਸਕਦੀ ਹੈ ।

ਕਰਤੇ ਦੀ ਕੁਦਰਤ ਵਿਸਮਾਦ ਜਨਕ ਹੈ । ਉਹ ਆਪਣੀ ਰਚਨਾ ਦੇ ਬਾਹਰਮੁਖੀ ਸਰੂਪ ਤੇ ਹੀ ਨਿਰਭਰ ਨਹੀਂ ਹੋਣ ਦੇਂਦਾ, ਸਗੋਂ ਆਪਣੇ ਅਗੰਮੀ ਚੋਜ ਰਾਹੀਂ ਕਿਸੇ ਵਸਤੂ ਦੀ ਮਹਾਨਤਾ ਦ੍ਰਿੜ੍ਹ ਕਰ ਦੇਂਦਾ ਹੈ । ਸੂਰਜ, ਚੰਦ ਤੇ ਹੋਰ ਕੁਦਰਤੀ ਤਾਕਤਾਂ ਦੇ ਪ੍ਰਭਾਵ ਨਾਲ ਰੁੱਤਾਂ ਆਦਿ ਨੇ ਤਾਂ ਬਦਲਣਾ ਹੀ ਹੁੰਦਾ ਹੈ । ਇਨ੍ਹਾਂ ਸ਼ਕਤੀਆਂ ਦੇ ਪੁਜਾਰੀ ਇਸੇ ਦ੍ਰਿਸ਼ਟੀ ਤੋਂ ਵੇਖਦੇ ਰੁੱਤਾਂ, ਥਿੱਤਾਂ, ਦਿਨਾਂ, ਵਾਰਾਂ ਅਦਿ ਨੂੰ ਸ਼ੁਭ ਅਸ਼ੁਭ ਮੰਨਣ ਲੱਗ ਜਾਂਦੇ ਹਨ । ਪਰੰਤੂ ਇਕ ਅਕਾਲ ਦੇ ਉਪਸ਼ਕ ਲਈ ਆਦਰਸ਼ ਇਸਤੋਂ ਬਹੁਤ ਉਚੇਰਾ ਹੁੰਦਾ ਹੈ । ਸਿੱਖ ਇਤਿਹਾਸ ਦਾ ਅਧਿਐਨ ਕੀਤਿਆਂ ਵੈਸਾਖੀ ਦੀ ਮਹਾਨਤਾ ਕਰਤੇ ਦੀ ਕਰਤਾਰਤਾ ਵਿਚੋਂ ਉੱਘੜ ਕੇ ਸਾਹਮਣੇ ਆਉਂਦੀ ਹੈ । ਉਸਦੇ ਨਿਆਰੇ ਚੋਜ ਹਨ । ਗੁਰ ਇਤਿਹਾਸ ਦੀਆਂ ਮਹਾਨ ਘਟਨਾਵਾਂ ਦਾ ਸਬੰਧ ਵੈਸਾਖੀ ਨਾਲ ਇਸ ਤਰ੍ਹਾਂ ਜੁੜਿਆ ਹੋਇਆ ਹੈ ਕਿ ਗੁਰੂ ਦਾ ਸਿੱਖ ਇਸ ਦਿਹਾੜੇ ਦੇ ਖੇੜੇ ਵਿੱਚ ਲੁਭਾਇਮਾਨ ਨਾ ਹੋ ਕੇ ਪਾਰਬ੍ਰਹਮ ਪਰਮੇਸ਼ਰ ਅਤੇ ਗੁਰ ਪਰਮੇਸ਼ਰ ਦੀ ਯਾਦ ਵਿਚ ਜੁੜਦਾ ਅਤੇ ਨਾਮ ਰਸੀਆ ਹੋ ਪ੍ਰਭੂ ਦਰਸ਼ਨਾਂ ਦਾ ਅਨੰਦ ਮਾਣਨ ਦਾ ਯਤਨ ਕਰਦਾ ਹੈ ।

ਕੁਝ ਕੁ ਘਟਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਭਾਵੇਂ ਕੱਤਕ ਦੀ ਪੁੰਨਿਆ ਵਾਲੇ ਦਿਨ ਮਨਾਇਆ ਜਾਂਦਾ ਹੈ ਪਰੰਤੂ ਪੁਰਾਤਨ ਜਨਮ ਸਾਖੀ ਦੇ ਲੇਖਕ ਅਤੇ ਵੀਹਵੀਂ ਸਦੀ ਵਿਚ ਹੋਏ ਕੁਝ ਇਤਿਹਸਕਾਰਾਂ ਨੇ ਆਪਣੀ ਖੋਜ ਦੇ ਆਧਾਰ ਤੇ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਆਪ ਜੀ ਦਾ ਆਗਮਨ ਵੈਸਾਖੀ ਵਾਲੇ ਦਿਨ ਹੋਇਆ ਸੀ । ਸ੍ਰ. ਕਰਮ ਸਿੰਘ ਹਸਿਟੋਰੀਅਨ ਨੇ ਇਸ ਸਬੰਧ ਵਿੱਚ 'ਕੱਤਕ ਕਿ ਵਿਸਾਖ' ਨਾਮ ਦੀ ਕਿਤਾਬ ਹੀ ਲਿਖ ਦਿੱਤੀ । ਖੈਰ, ਇਹ ਤੱਥ ਤਾਂ ਅਜੇ ਸਰਵ ਪ੍ਰਵਾਣਿਤ ਨਹੀਂ ਹੋਇਆ, ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੇਈਂ ਇਸ਼ਨਾਨ ਤੋਂ ਪਿਛੋਂ ਗੁਰੂ ਰੂਪ ਵਿਚ ਆਗਮਨ ਤਾਂ ਵੈਸਾਖੀ ਵਾਲੇ ਦਿਨ ਹੀ ਹੋਇਆ ਸੀ । ਆਪ ਨੇ 'ਨ ਕੋ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਲਾ ਕੇ, ਸੁਲਤਾਨਪੁਰ ਤੋਂ ਇਸੇ ਦਿਨ ਉਦਾਸੀਆਂ ਆਰੰਭ ਕੀਤੀਆਂ ਅਤੇ ਨਿਰਮਲ ਪੰਥ ਉਜਾਗਰ ਕਰਕੇ ਧਰਤ ਲੁਕਾਈ ਨੂੰ ਸੋਧਣ ਦਾ ਬੀੜਾ ਚੁੱਕਿਆ ।

ਸ੍ਰੀ ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਸੁੱਚ ਭਿੱਟ ਦੇ ਵਹਿਮਾਂ ਭਰਮਾਂ ਵਿੱਚੋਂ ਕੱਢਕੇ, ਪਾਣੀ ਦਾ ਇਕ ਸਾਂਝਾ ਸਰੋਤ ਬਣਾਉਣ ਲਈ ਬਾਉਲੀ ਦੀ ਸਥਾਪਨਾ ਦਾ ਵਿਚਾਰ ਬਣਾਇਆ । ਬ੍ਰਾਹਮਣ ਸ਼੍ਰੇਣੀ ਨੇ ਆਮ ਜਨਤਾ ਵਿੱਚ ਉੱਚੇ ਨੀਵੇਂ ਦਾ ਆਧਾਰ ਤੇ ਵੰਡੀਆਂ ਪਾ, ਚੁਰਾਸੀ ਦੇ ਗੇੜ ਵਿੱਚ ਪਾਇਆ ਹੋਇਆ ਸੀ । ਬਾਉਲੀ ਬਣਨੀ ਆਰੰਭ ਹੋਈ । ਪਾਣੀ ਚਸ਼ਮਾ ਫੁੱਟਣ ਲਈ ਇਕ ਕੜ ਤੋੜਨ ਦੀ ਲੋੜ ਸੀ । ਵੈਸਾਖੀ ਵਾਲੇ ਦਿਨ ਕੜ ਟੁਟਿਆ ਅਤੇ ਨਿਰਮਲ ਜਲ ਦਾ ਚਸ਼ਮਾ ਵਹਿ ਤੁਰਿਆ । ਕੜ ਕਾਹਦਾ ਟੁੱਟਾ ਸੀ, ਇਸਦੇ ਟੁੱਟਣ ਨਾਲ ਭਰਮ ਗੜ੍ਹ ਵੀ ਢਹਿ ਢੇਰੀ ਹੋ ਗਿਆ । ਰਾਮਦਾਸ ਪੁਰ ਵਿੱਚ ਅੰਮ੍ਰਿਤ ਸਰੋਵਰ ਬਣਾਇਆ ਗਿਆ ਤਾਂ ਦੁਖ ਭੰਜਨੀ ਬੇਰੀ ਵਾਲੇ ਦੁਖ ਨਾਸ਼ਕ ਸਥਾਨ ਬਾਰੇ ਜਾਣਕਾਰੀ ਵੀ ਵੈਸਾਖੀ ਵਾਲੇ ਦਿਨ ਮਿਲੀ ।

ਵੈਸਾਖੀ ਵਾਲੇ ਦਿਨ ਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ 'ਬਾਬਾ ਬਕਾਲੇ' ਕਹਿਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ ਸੀ ।

ਫਿਰ ਆਈ ਵੈਸਾਖੀ 1699 ਈ. ਦੀ, ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਪੰਥ ਪ੍ਰਚੁਰ ਕਰਬੇ ਕਉ ਸਾਜਾ' ਦੇ ਆਦਰਸ਼ ਦੀ ਪੂਰਤੀ ਲਈ ਨਿਰਮਲ ਪੰਥ ਦਾ ਰੂਪ ਦੇ ਕੇ, ਆਤਮ ਸ਼ਕਤੀ ਤੇ ਪ੍ਰਭੂ ਭਗਤੀ ਦੀ ਨੀਂਹ ਉੱਤੇ ਖੰਡੇ ਦੀ ਪਾਹੁਲ ਦੁਆਰਾ ਸੰਤ ਸਿਪਾਹੀਆਂ ਦੀ ਅਜਿਹੀ ਜਥੇਬੰਦੀ ਤਿਆਰ ਕੀਤੀ ਜਿਸ ਨੇ 'ਜਹਾਂ ਤਹਾਂ ਤੁਮ ਧਰਮ ਬਿਥਾਰੋ । ਦੁਸਟ ਦੋਖੀਅਨ ਪਕਰਿ ਪਛਾਰੋ ॥' ਦਾ ਬੀੜਾ ਚੁਕਿਆ । ਨਿਮਾਣਿਆਂ, ਨਿਤਾਣਿਆਂ, ਲਿਤਾੜਿਆਂ ਦਲਿਤਾਂ ਦੇ ਹੱਥਾਂ ਵਿੱਚ ਸ਼ਸਤ੍ਰ ਫੜਾ ਕੇ ਅਜਿਹੇ ਬੀਰ ਰਸੀ ਕੌਤਕ ਵਰਤਾਏ ਕਿ ਜ਼ਾਲਮ ਹਕੂਮਤ ਦੇ ਪਾਲੇ ਹੋਏ ਖੂੰਖਾਰ ਲੜਾਕੂ ਦੁਮ ਦਬਾਕੇ ਨੱਸਣ ਲਈ ਮਜਬੂਰ ਹੋ ਗਏ । ਸ਼ਸਤ੍ਰਾਂ ਤੋਂ ਡਰਨ ਵਾਲਿਆਂ ਨੂੰ ਕਲਪਿਤ ਦੇਵਤਿਆਂ ਦੀ ਪੂਜਾ ਤੋਂ ਹਟਾ ਕੇ ਅਕਾਲ ਨਾਲ ਜੋੜਿਆ ਦੁਰਮਤ ਨੂੰ ਦਰੜ ਕੇ ਦੁਸ਼ਟਾਂ ਦਾ ਨਾਸ਼ ਕੀਤਾ ਜਾਣ ਲੱਗਾ ਅਤੇ ਸੰਤ ਉਬਾਰਨ ਦੀ ਕ੍ਰਿਆ ਆਰੰਭ ਹੋਈ :

ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨੁ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥ ਬਚਿਤ੍ਰ ਨਾਟਕ ਅ. ੧

ਵੈਸਾਖੀ ਵਾਲੇ ਦਿਨ ਸਿੱਖ ਸੰਗਤਾਂ ਦਾ ਇਕੱਠ ਬੁਲਾਉਣਾ ਸ੍ਰੀ ਗੁਰੂ ਅਮਰਦਾਸ ਜੀ ਨੇ ਆਰੰਭ ਕੀਤਾ ਸੀ । ਅੱਜ ਤੱਕ ਇਹ ਪਰੰਪਰਾ ਚਲੀ ਆ ਰਹੀ ਹੈ । ਹਰ ਸਾਲ ਸੰਗਤਾਂ ਇਕੱਠੀਆਂ ਹੁੰਦੀਆਂ । ਗੁਰ ਉਪਦੇਸ਼ ਸੁਣਦੀਆਂ ਪਰਸਪਰ ਮੇਲ ਮਿਲਾਪ ਨਾਲ ਆਪੋ ਵਿਚ ਪਿਆਰ ਬਣਦਾ । ਇਕ ਪਰਿਵਾਰ ਦੇ ਜੀਅ ਹੋਣ ਦੀ ਭਾਵਨਾ ਪੈਦਾ ਹੁੰਦੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਇਸੇ ਪਰਿਵਾਰ ਲਈ ਬੇਨਤੀ ਕਰਦੇ ਸੀ 'ਸੁਖੀ ਬਸੇ ਮੋਰੋ ਪਰਿਵਾਰਾ ।' 1699 ਦੀ ਵੈਸਾਖੀ ਆਈ । ਕਲਗੀਧਰ ਪਾਤਸ਼ਾਹ ਨੇ ਸਿੱਖ ਸੰਗਤਾਂ ਨੂੰ ਉਚੇਚੇ ਹੁਕਮਨਾਮੇ ਭੇਜਕੇ ਅਨੰਦਪੁਰ ਸਾਹਿਬ ਬੁਲਾਇਆ । ਗੁਰੂ ਵੱਲੋਂ ਸੱਦਾ ਪੱਤ੍ਰ ਮਿਲਦਿਆਂ ਹੀ ਸੰਗਤਾਂ ਖੁਸ਼ੀ ਭਰੇ ਹੁਲਾਰਿਆਂ ਵਿਚ ਵਾਹੋ ਦਾਹੀ ਭੱਜੀਆਂ ਆਈਆਂ । ਪਹਾੜੀਆਂ ਵਿਚ ਘਿਰੇ, ਕੁਦਰਤ ਦੇ ਅਗੰਮੀ ਸੁਹਜ ਨਾਲ ਭਰਪੂਰ, ਅਨੰਦਪੁਰ ਸਾਹਿਬ ਦਾ ਵਾਤਾਵਰਣ ਕਾਦਰਿ ਕੁਦਰਤ ਨਾਲ ਮੇਲ ਦਾ ਅਨੰਦ ਪ੍ਰਦਾਨ ਕਰਦਾ ਸੀ । ਸਿੱਖੀ ਭਾਰਤ ਦੇ ਕੋਨੇ ਕੋਨੇ ਵਿਚ ਫੈਲ ਚੁੱਕੀ ਸੀ । ਸਿਖ ਹਰ ਪਾਸੇ ਤੋਂ ਵਹੀਰਾਂ ਘੱਤ ਕੇ ਆਏ । ਭਰਪੂਰ ਦੀਵਾਨ ਸਜੇ । ਸੰਗਤਾਂ ਗੁਰੂ ਦਰਸ਼ਨਾਂ ਨਾਲ ਨਿਹਾਲ ਹੁੰਦੀਆਂ । ਸ੍ਰੀ ਗੁਰੂ ਅਮਰਦਾਸ ਜੀ ਦੇ ਇਸ ਕਥਨ ਦੀ ਸੱਚਾਈ ਨੂੰ ਅੰਤਰਾਤਮੇ ਅਨੁਭਵ ਕੀਤਾ ਜਾ ਰਿਹਾ ਸੀ :

ਬਨਸਪਤਿ ਮਉਲੀ ਚੜਿਆ ਬਸੰਤੁ ॥

ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ ਬਸੰਤੁ (ਮਃ ੩) – ਅੰਗ ੧੧੭੬

ਕਿਸੇ ਨੂੰ ਕੀ ਪਤਾ ਸੀ ਕਿ ਇਹ ਵਿਸ਼ੇਸ਼ ਦਿਨ ਆਪਣੇ ਓਹਲੇ ਇਕ ਅਨੋਖਾ ਰਾਜ਼ ਲੁਕਾਈ ਬੈਠਾ ਹੈ। ਤਿਆਰੀ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਹੁਣ ਵੇਲਾ ਆ ਗਿਆ ਪਰਮ ਪੁਰਖ, ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਪੰਥ ਦੀ ਸਾਜਨਾ ਪ੍ਰਤੱਖ ਰੂਪ ਵਿਚ ਕਰ ਵਿਖਾਉਣ ਦਾ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਨੂੰ ਸੰਪੂਰਣ ਰੂਪ ਦੇਣ ਦਾ ਵੈਸਾਖਾ ਭਲਾ ਸਾਖਾ ਵੇਸ ਕਰੇ ॥ (ਬਾਰਹ ਮਾਹ ਤੁਖਾਰੀ)

ਰੁੱਤਾਂ ਦੇ ਪਰਿਵਰਤਨ ਨਾਲ ਬਨਾਸਪਤੀ ਰੂਪ ਵਟਾਉਂਦੀ ਰਹਿੰਦੀ ਹੈ ਪਰ ਸਿੱਖ ਨੂੰ ਤਾਂ ਸਦੀਵੀ ਖੇੜੇ ਦੀ ਲੋੜ ਹੈ:

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥

ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥ ਬਸੰਤੁ (ਮਃ ੧) ਅੰਗ ੧੧੬੯

ਸਦੀਵੀ ਖੇੜੇ ਦੀ ਪ੍ਰਾਪਤੀ ਲਈ ਸਪੱਸ਼ਟ ਗੁਰ ਉਪਦੇਸ਼ ਹੈ :

ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥

ਸੁਰਤਿ ਸਬਦਿ ਦੇ ਮੇਲ ਨਾਲ ਮਨ ਵਿੱਚ ਆਇਆ ਟਿਕਾਉ ਹੀ ਪ੍ਰਭੂ ਪ੍ਰਾਪਤੀ ਦੇ ਅਮਰ ਜੀਵਨ ਦਾ ਲਖਾਇਕ ਹੈ। ਜੋ ਬਾਹਰ ਦਾ ਖੇੜਾ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਹਰ ਰੁੱਤੇ, ਹਰ ਪਾਸੇ ਖੇੜੇ ਦੀ ਛਹਿਬਰ ਹੀ ਪ੍ਰਤੀਤ ਹੋਵੇਗੀ :

ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥– ਬਸੰਤੁ (ਭ. ਕਬੀਰ) – ਅੰਗ 1193

ਪਰ ਇਹ ਹੋਵੇ ਕਿਸ ਤਰ੍ਹਾਂ ? ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਦੇ ਰਹੇ ਹਨ :

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥

– ਬਸੰਤੁ ਕੀ ਵਾਰ (ਮਃ ੫) – ਅੰਗ ੧੧੯੩

ਚੋਜੀ ਦੇ ਚੋਜ ਨਿਆਰੇ, ਸਤਿਗੁਰ ਸਾਧੂ ਨੇ ਇਹ ਦਿਨ ਚੁਣਿਆ ਪੰਥ ਦੀ ਸਾਜਨਾ ਲਈ। ਨਿਰਮਲ ਪੰਥ ਚਲਾਉਣ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਪ੍ਰੇਮ ਦੀ ਪਰਖ ਲਈ ਇਹ ਕਸੌਟੀ ਰੱਖੀ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਵਾਰਾਂ ਤੇ ਵਧੀਕ (ਮਃ ੧) – ਅੰਗ 1412

ਪੰਜਵੇਂ ਪਾਤਸ਼ਾਹ ਨੇ ਆਦੇਸ਼ ਦਿੱਤਾ ਸੀ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥ਮਾਰੂ ਵਾਰ:੨ (ਮਃ ੫) – ਅੰਗ 1102

ਇਨ੍ਹਾਂ ਉਪਦੇਸ਼ਾਂ ਦੀ ਪਰਿਪੱਕਤਾ ਦੀ ਪਰਖ ਦਾ ਸਮਾਂ ਆ ਗਿਆ। 1699 ਦੀ ਵਿਸਾਖੀ

ਪਰੀਖਿਆ ਲਈ ਨਿਸਚਿਤ ਹੋਈ। ਦਸਮੇਸ਼ ਪਿਤਾ ਨੇ ਨੰਗੀ ਤਲਵਾਰ ਲੈ ਸੰਗਤ ਦੇ ਸਾਹਮਣੇ ਦੈਵੀ ਰੋਹ ਵਿਚ ਆ ਕੇ ਵਾਰੀ ਵਾਰੀ ਪੰਜ ਸਿਖਾਂ ਦੇ ਸੀਸ ਮੰਗੇ। ਸੀਸ ਭੇਟ ਕਰਨ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਨਵਾਂ ਜੀਵਨ ਮਿਲਿਆ। ਗੁਰੂ ਨੇ ਆਪਣਾ ਰੂਪ ਦੇ ਕੇ ਖਾਲਸਾ ਪਦ ਨਾਲ ਸੁਸ਼ੋਭਿਤ ਕੀਤਾ ਅਤੇ ਆਖਿਆ :

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪਰਮਾਤਮਕ ਦੀ ਮੌਜ ॥

ਅਤੇ ਫਿਰ :

ਖਾਲਸਾ ਮੇਰੋ ਇਸ਼ਟ ਸੁਹਿਰਦ ॥ ਖਾਲਸਾ ਮੇਰੋ ਕਹੀਅਤ ਬਿਰਦ ॥

ਰੋਮ ਰੋਮ ਜੇ ਰਸਨਾ ਪਾਊਂ ॥ ਤਦਪਿ ਖਾਲਸਾ ਜਸ ਨਹਿ ਗਾਊਂ ॥

ਹਉ ਖਾਲਸੇ ਕਾ ਖਾਲਸਾ ਮੇਰੋ ॥ ਓਤ ਪੋਤ ਸਾਗਰ ਬੰਦੇਰੋ ॥

ਖਾਲਸਾ ਫੌਜ ਵਿਚ ਗੁਰੂ ਵਾਲੀਆਂ ਸਾਰੀਆਂ ਸ਼ਕਤੀਆਂ ਭਰੀਆਂ। ਦੈਵੀ ਰੰਗਾਂ ਵਿੱਚ ਰੰਗ ਕੇ ਨਾਮ ਜਪਾਇਆ। ਸੀਸ ਤਲੀ ਤੇ ਰੱਖ ਕੇ ਜੰਗ ਵਿੱਚ ਜੂਝਣ ਦੀ ਜਾਂਚ ਸਿਖਾਈ। ਖੋਪਰੀਆਂ ਉਤਰਵਾਉਂਦੇ, ਬੰਦ ਬੰਦ ਕਟਾਉਂਦੇ, ਚਰਖੜੀਆਂ ਤੇ ਚੜ੍ਹਦੇ ਆਰਿਆਂ ਨਾਲ ਚਿਰੀਂਦੇ, ਜੰਡਾਂ ਨਾਲ ਬੰਨ ਕੇ ਸਾੜੇ ਜਾਂਦੇ, ਦੇਗਾਂ ਵਿਚ ਉਬਾਲੇ ਜਾਂਦੇ ਸਿੰਘਾਂ ਨੂੰ ਮੁਖੜੇ ਤੇ ਮੁਸਕਾਨ ਲਿਆਉਣ ਦੀ ਸ਼ਕਤੀ ਬਖਸ਼ੀ।

ਸੰਨ 1999 ਦੀ ਵਿਸਾਖੀ ਬੜੀ ਨੇੜੇ ਪਹੁੰਚ ਚੁੱਕੀ ਹੈ। ਖਾਲਸਾ ਸਾਜਨਾ ਤੋਂ ਤਿੰਨ ਸੌ ਵਰ੍ਹੇ ਪਿਛੋਂ ਆ ਰਹੀਂ ਵਿਸਾਖੀ ਵਿਸ਼ੇਸ਼ ਮਹੱਤਵ ਵਾਲੀ ਹੈ। ਸਿੱਖ ਜਗਤ ਵਿਚ ਇਸ ਵਿਸਾਖੀ ਦੀ ਉਡੀਕ ਬੜੀ ਤੀਬਰਤਾ ਨਾਲ ਹੋ ਰਹੀ ਹੈ। ਬਰੂਹਾਂ ਨੇੜੇ ਪਹੁੰਚੀ ਇਸ ਵਿਸਾਖੀ ਨੂੰ ਪ੍ਰੇਮ ਫੁਲਵਾੜੀ ਨਾਲ ਸ਼ਿੰਗਾਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸਭ ਪਾਸੇ ਤੀਜੀ ਸ਼ਤਾਬਦੀ ਬਾਰੇ ਹੀ ਗੱਲਾਂ ਹੁੰਦੀਆਂ ਹਨ। ਸਾਰੀ ਕੌਮ ਨੂੰ ਅੰਮ੍ਰਿਤ ਧਾਰੀ ਬਨਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸ੍ਰੀ ਅਨੰਦਪੁਰ ਸਾਹਿਬ ਨੂੰ ਸੰਸਾਰ ਦਾ ਇਕ ਮਹਾਨ ਅਜੂਬਾ ਬਨਾਉਣ ਦੇ ਯਤਨ ਜਾਰੀ ਹਨ। ਕਲਗੀਧਰ ਪਾਤਸ਼ਾਹ ਦੇ ਅਦ੍ਰਿਸ਼ਟ ਦੂਤਾਂ ਰਾਹੀਂ ਮਿਲੇ ਅਬੋਲ ਸੰਦੇਸ਼ੇ, ਸਿੱਖ ਸੰਗਤਾਂ ਨੂੰ ਅਨੰਦਪੁਰ ਸਾਹਿਬ ਪਹੁੰਚਣ ਲਈ ਬੇਤਾਬ ਕਰ ਰਹੇ ਹਨ।.

ਆਓ, ਆਪਣੇ ਅੰਦਰ ਝਾਤੀ ਮਾਰਕੇ ਵੇਖੀਏ। ਕੀ ਅਸੀਂ ਇਸ ਦਿਨ ਉਚਿਤ ਢੰਗ ਨਾਲ ਖਾਲਸੇ ਦੀ ਪ੍ਰਦਰਸ਼ਨੀ ਕਰ ਸਕਾਂਗੇ ? ਕੀ ਅਸੀਂ 'ਪਰਮਾਤਮ ਦੀ ਮੌਜ' ਨਾਲ ਸਿਰਜੀ ਗਈ ਫੌਜ ਦੇ ਸਿਪਾਹੀ ਅਖਵਾਉਣ ਦੇ ਅਧਿਕਾਰੀ ਹਾਂ ? ਕੀ ਅਸੀਂ ਆਪਣੇ ਆਪ ਨੂੰ ਗੁਰੂ ਦੇ ਪਰਿਵਾਰ ਦੇ ਜੀਅ ਸਮਝ ਰਹੇ ਹਾਂ ? ਜੋੜ ਮੇਲਿਆਂ ਦੇ ਰੂਪ ਵਿੱਚ ਸੰਗਤਾਂ ਦੇ ਇਕੱਠ ਸਾਰਿਆਂ ਨੂੰ ਪਰਸਪਰ ਪਿਆਰ ਦੀ ਤਾਰ ਵਿਚ ਪਰੋ ਦੇਂਦੇ ਸਨ। ਪਰ ਅੱਜ ਹਾਲਤ ਕੁੱਝ ਹੋਰ ਹੀ ਹੈ। ਅੱਜ ਅਸੀਂ ਅੰਮ੍ਰਿਤ ਛਕਕੇ ਵੀ ਇਕ ਰਸਮ ਹੀ ਪੂਰੀ ਕਰ ਰਹੇ ਹਾਂ। 'ਗੁਰੂ ਪਰਮੇਸ਼ਰ ਏਕੋ ਜਾਣ' ਦਾ ਸਿਧਾਂਤ ਸਾਨੂੰ ਚੇਤੇ ਨਹੀਂ ਸਾਨੂੰ ਵਿਸ਼ਵਾਸ਼ ਹੀ ਨਹੀਂ ਹੁੰਦਾ ਕਿ "ਗੁਰ ਪਰਮੇਸ਼ਰ ਪਾਰਬ੍ਰਹਮ, ਗੁਰ ਡੁਬਦਾ ਲਏ ਤਰਾਇ ॥" ਅਸੀਂ ਗੁਰੂ ਦੀ ਮਤ ਭੁਲਾ ਕੇ ਮਨ ਦੀ ਮਤ ਦੀ ਪ੍ਰਧਾਨਗੀ ਸਵੀਕਾਰ ਕਰ ਲਈ ਹੈ। ਗੁਰੂ ਨੇ ਤਾਂ ਸਿੱਖਾਂ ਅੱਗੇ ਸੀਸ ਝੁਕਾਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। "ਗੁਰੂ ਸਿਖ ਸਿੱਖ ਗੁਰੂ ਹੈ ॥ ਏਕੋ ਗੁਰ ਉਪਦੇਸ਼ ਚਲਾਏ ॥" (ਪੰਨਾ-੪੪੪) ਦਾ ਪ੍ਰਤੱਖ ਪ੍ਰਮਾਣ ਦਿੱਤਾ ਸੀ, ਪਰ ਅਸੀਂ ਇਸ ਦੇ ਬਿਲਕੁਲ ਉਲਟ ਚਲ ਰਹੇ ਹਾਂ। ਆਓ : ਗੁਰ ਉਪਦੇਸ਼ ਹਿਰਦੇ ਵਿਚ ਵਸਾਕੇ ਵੈਸਾਖੀ ਨੂੰ ਸਚੁਮੱਚ ਦੀ ਵੈਸਾਖੀ ਅਨੁਭਵ ਕਰਕੇ ਪ੍ਰਭੂ ਪਿਤਾ ਦੇ ਪੁੱਤਰ ਬਣੀਏ। ਇਸ ਉਦੇਸ਼ ਦੀ ਪੂਰਤੀ ਲਈ ਇਹ ਗੁਰ ਉਪਦੇਸ਼ ਹਿਰਦੇ ਵਿਚ ਵਸਾਈਏ : ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨ ਮਾਨਾ ॥

# ਗੁਰੂ ਅਰਜਨ ਦੇਵ ਜੀ

ਡਾ. ਸਰਬਜਿੰਦਰ ਸਿੰਘ

ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ 1563 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਗੋਇੰਦਵਾਲ ਦੇ ਅਸਥਾਨ ਤੇ ਹੋਇਆ। ਬਚਪਨ ਵਿੱਚ ਆਪ ਨੂੰ ਆਪਣੇ ਨਾਨਾ ਤੀਜੇ ਗੁਰੂ ਅਮਰਦਾਸ ਜੀ ਦੀ ਗੋਦ ਵਿੱਚ ਖੇਡਣ ਦਾ ਮੌਕਾ ਪ੍ਰਾਪਤ ਹੋਇਆ। ਤੀਜੇ ਪਾਤਸ਼ਾਹ ਨੇ ਆਪ ਲਈ "ਦੋਹਿਤਾ ਬਾਣੀ ਦਾ ਬੋਹਿਥਾ" ਉਚਾਰਦੇ ਹੋਏ ਆਉਣ ਵਾਲੇ ਸਮੇਂ ਵੱਲ ਇਸ਼ਾਰਾ ਕਰ ਦਿੱਤਾ ਸੀ। ਫਿਰ ਜੁਆਨੀ ਵਿੱਚ ਆਪ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਸੰਪੰਨ ਹੋਇਆ। ਆਪ ਦੇ ਘਰ ਇੱਕ ਬਾਲ ਨੇ ਜਨਮ ਲਿਆ ਜਿਸ ਦਾ ਨਾਮ (ਗੁਰੂ) ਹਰਿਗੋਬਿੰਦ ਰੱਖਿਆ ਗਿਆ।

1581 ਈ. ਨੂੰ ਆਪ ਪੰਜਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਉੱਤੇ ਸੁਸ਼ੋਭਿਤ ਹੋਏ। ਆਪ ਨੇ ਗੁਰੂ ਪਿਤਾ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਹੱਥ ਵਿੱਚ ਲਿਆ ਅਤੇ ਸੰਤੋਖਸਰ ਤੇ ਰਾਮਸਰ ਨਾਂ ਦੇ ਸਰੋਵਰ ਸੰਪੂਰਨ ਕਰ ਚੱਕ ਰਾਮਦਾਸ ਦਾ ਨਾਂ ਅੰਮ੍ਰਿਤਸਰ ਰੱਖ ਦਿੱਤਾ ਅਤੇ ਸਰੋਵਰ ਦੇ ਐਨ ਵਿਚਕਾਰ 'ਹਰਿਮੰਦਰ' ਦੀ ਉਸਾਰੀ ਕਰ, ਸਿੱਖਾਂ ਨੂੰ ਉਹਨਾਂ ਦਾ ਕੇਂਦਰੀ ਅਸਥਾਨ ਅਰਪਿਤ ਕਰ ਦਿੱਤਾ। ਆਪ ਜੀ ਨੇ ਤਰਨ-ਤਾਰਨ, ਹਰਿਗੋਬਿੰਦਪੁਰ, ਛੇਹਰਟਾ, ਕਰਤਾਰਪੁਰ ਆਦਿ ਸ਼ਹਿਰ ਵਸਾ, ਸਿੱਖੀ ਦੇ ਪ੍ਰਚਾਰ ਅਤੇ ਪਸਾਰ ਦੇ ਕਈ ਕੇਂਦਰ ਸਥਾਪਿਤ ਕਰ ਦਿੱਤੇ।

ਗੁਰੂ ਅਰਜਨ ਪਾਤਸ਼ਾਹ ਦਾ ਸਭ ਤੋਂ ਮਹਾਨ ਕਾਰਜ 'ਆਦਿ ਗ੍ਰੰਥ' ਦੀ ਸੰਪਾਦਨਾ ਸੀ, ਜਿਸ ਨਾਲ ਸਿੱਖ ਧਰਮ ਦੀ ਵੱਖਰੀ ਹੋਂਦ ਤੇ ਪੱਕੀ ਮੋਹਰ ਲੱਗ ਗਈ। ਇਸ ਪਵਿੱਤਰ ਗ੍ਰੰਥ ਦੀ ਸੰਪਾਦਨਾ ਦਾ ਕਾਰਜ 1604 ਈ. ਵਿੱਚ ਸੰਪੂਰਨ ਹੋਇਆ ਅਤੇ ਗੁਰੂ ਸਾਹਿਬ ਨੇ ਆਪ ਇਸਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕਰ ਦਿੱਤਾ।

ਗੁਰੂ ਅਰਜਨ ਪਾਤਸ਼ਾਹ ਤੱਕ ਸਿੱਖੀ ਦਾ ਪ੍ਰਚਾਰ ਅਤੇ ਪਾਸਾਰ ਇਸ ਹੱਦ ਤੱਕ ਵੱਧ ਚੁੱਕਾ ਸੀ ਕਿ ਸਮੇਂ ਦੇ ਹਾਕਮ ਅਤੇ ਸਮਕਾਲੀ ਧਰਮ ਇਸ ਧਰਮ ਨੂੰ ਲੋਕ ਲਹਿਰ ਵਜੋਂ ਵੇਖਣ ਲੱਗੇ ਅਤੇ ਲੋਕ ਲਹਿਰ ਵੀ ਅਜਿਹੀ ਜੋ ਕਿ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜ ਰਹੀ ਹੋਵੇ। ਨਤੀਜੇ ਵਜੋਂ ਇਸ ਲੋਕ ਲਹਿਰ ਦੇ ਆਗੂ ਬਾਗ਼ੀ ਗਰਦਾਨੇ ਗਏ ਅਤੇ 1606 ਈ. ਨੂੰ ਗੁਰੂ ਪਾਤਸ਼ਾਹ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾ ਲਾਹੌਰ ਦੇ ਅਸਥਾਨ 'ਤੇ ਆਪ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ।

| | | |
|---|---|---|
| ਬਾਣੀ ਰਚਨਾ | : | 2312 ਸ਼ਬਦ, 30 ਰਾਗਾਂ ਵਿੱਚ |
| ਪ੍ਰਮੁੱਖ ਬਾਣੀਆਂ | : | ਸੁਖਮਨੀ, ਬਾਰਹ ਮਾਹਾ, ਬਾਵਨ ਅਖਰੀ, ਗੁਣਵੰਤੀ, ਅੰਜੁਲੀਆ, ਬਿਰਹੜੇ ਅਤੇ 6 ਵਾਰਾਂ-ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ ਰਾਗ ਵਿੱਚ |

# ਸੁਆਲ - ਜੁਆਬ

(ਰੇਨੁਕਾ ਸਰਬਜੀਤ ਸਿੰਘ)

੧. ਸੁਖਮਨੀ ਸਾਹਿਬ ਕਿਸ ਰਾਗ ਵਿਚ ਅੰਕਿਤ ਹੈ ?

ਸੁਖਮਨੀ ਸਾਹਿਬ ਦੀ ਆਰੰਭਤਾ ਤੇ ਦਰਜ ਹੈ - ਗਉੜੀ ਸੁਖਮਨੀ ਮਹਲਾ ੫ ॥ ਸੋ ਇਸ ਤੋਂ ਇਹ ਸਪੱਸ਼ਟ ਹੈ ਕਿ ਇਹ ਬਾਣੀ ਰਾਗ ਗਉੜੀ ਵਿਚ ਉਚਾਰਨ ਕੀਤੀ ਗਈ ਹੈ।

੨. ਸੁਖਮਨੀ ਸਾਹਿਬ ਦੇ ਰਚਨਹਾਰ ਕਿਹੜੇ ਗੁਰੂ ਸਾਹਿਬ ਹਨ ?

ਸਿਰਲੇਖ ਮਹਲਾ ੫ ਤੋਂ ਸਪਸ਼ਟ ਹੈ ਕਿ ਸੁਖਮਨੀ ਸਾਹਿਬ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਹੈ ।

੩. ਸੁਖਮਨੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸ ਅੰਗ ਤੇ ਦਰਜ ਹੈ ?

ਇਹ ਬਾਣੀ ੨੬੨ ਤੋਂ ੨੯੬ ਅੰਗ ਤੱਕ ਦਰਜ ਹੈ ।

੪. ਸੁਖਮਨੀ ਸਾਹਿਬ ਵਿਚ ਕਿਤਨੇ ਸਲੋਕ ਅਤੇ ਅਸਟਪਦੀਆਂ ਹਨ ?

ਸੁਖਮਨੀ ਸਾਹਿਬ ਵਿਚ ੨੪ ਸਲੋਕ ਅਤੇ ੨੪ ਅਸਟਪਦੀਆਂ ਹਨ ।

੫. ਅਸਟਪਦੀ ਤੋਂ ਕੀ ਭਾਵ ਹੈ ?

ਅਸਟਪਦੀ ਤੋਂ ਭਾਵ ਹੈ, ਅੱਠ ਬੰਦਾਂ ਵਾਲੀ ਰਚਨਾ ।

੬. ਸਲੋਕ ਅਤੇ ਅਸਟਪਦੀ ਦਾ ਆਪਸੀ ਕੀ ਸੰਬੰਧ ਹੈ ?

ਸਲੋਕ ਨਿਚੋੜ ਹੈ, ਅਸਟਪਦੀ ਵਿਆਖਿਆ ਹੈ ।

੭. ਸੁਖਮਨੀ ਸਾਹਿਬ ਦੇ ਪਹਿਲੇ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਕਿਸ ਨੂੰ ਨਮਸਕਾਰ ਕਰਦੇ ਹਨ ?

ਗੁਰੂ ਜੀ ਪਹਿਲਾਂ ਅਕਾਲ ਪੁਰਖ ਨੂੰ ਨਮਸਕਾਰ ਕਰਦੇ ਹਨ, ਜਿਹੜਾ ਸਭ ਦਾ ਮੁੱਢ ਹੈ (ਆਦਿ ਗੁਰਏ) ਅਤੇ ਜੁਗਾਂ ਦੇ ਮੁੱਢ ਤੋਂ (ਜੁਗਾਦਿ ਗੁਰਏ) ਮੌਜੂਦ ਹੈ । ਉਪਰੰਤ ਸਤਿਗੁਰੂ ਅਤੇ ਗੁਰਦੇਵ ਨੂੰ ਨਮਸਕਾਰ ਕਰਦੇ ਹਨ ।

੮. ਸੁਖਮਨੀ ਸਾਹਿਬ ਵਿਚ 'ਰਹਾਉ' ਦਾ ਕੀ ਫੁਰਮਾਨ ਹੈ ?

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

੯. ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਕੀ ਹੈ ਅਤੇ ਇਹ ਕਿਥੇ ਦਰਜ ਹੈ ?

ਇਹ ਰਹਾਉ ਦੇ ਫੁਰਮਾਨ ਵਿਚ ਦਰਜ ਹੈ, ਜਿਸਦਾ ਭਾਵ ਹੈ, ਪ੍ਰਭੂ ਦਾ ਅਮਰ ਕਰਨ ਵਾਲਾ ਅੰਮ੍ਰਿਤ ਤੇ ਸੁਖਦਾਈ ਨਾਮ, ਸਭ ਸੁੱਖਾਂ ਦੀ ਮਣੀ ਹੈ । ਇਸਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ ।

੧੦. ਸਰੀਰ ਦੇ ਕਲਹ ਕਲੇਸ਼ ਕਿਵੇਂ ਮਿਟ ਸਕਦੇ ਹਨ ?

ਮਨੁੱਖ ਪਰਮਾਤਮਾ ਦਾ ਨਾਮ ਸਿਮਰ ਕੇ ਹੀ ਸੁਖ ਪਾ ਸਕਦਾ ਹੈ ਅਤੇ ਸਰੀਰ ਦੇ ਸਾਰੇ ਦੁਖ, ਕਲਹ ਕਲੇਸ਼ ਨਾਮ ਨਾਲ ਮਿਟ ਸਕਦੇ ਹਨ । (ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥)

## ਮਈ 2016 ਮਹੀਨੇ ਦੇ ਸਮਾਗਮ

**ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ**:-

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-05-2016 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ " **ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ**"॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਰਾਗ ਧਨਾਸਰੀ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ ਧਨਾਸਰੀ ਥਾਟ- ਕਾਫ਼ੀ ਸੁਰ-ਗੰਧਾਰ ਅਤੇ ਨਿਸ਼ਾਦ ਕੋਮਲ ਬਾਕੀ ਸ਼ੁੱਧ
ਵਰਜਿਤ ਸੁਰ-ਆਰੋਹ ਵਿਚ ਰਿਸ਼ਭ, ਧੈਵਤ ਜਾਤੀ- ਔੜਵ-ਸੰਪੂਰਨ
ਵਾਦੀ ਸੁਰ-ਪੰਚਮ ਸੰਵਾਦੀ-ਸ਼ੜਜ ਸਮਾਂ -ਦਿਨ ਦਾ ਤੀਜਾ ਪਹਿਰ
ਆਰੋਹ - ਸ, .ਨੁੀ ਸ ਗੁ ਮ ਪ, ਨੁੀ ਸਂ ।
ਅਵਰੋਹ - ਸਂ ਨੁੀ ਧ ਪ, ਮ ਪ ਗੁ ਰੇ ਸ ।
ਪਕੜ - .ਨੀ ਸ, ਗੁ ਮ ਪ, ਨੁੀ ਧ ਪ, ਮ ਪ ਗੁ, ਰੇ ਸ ।

## ਰਾਗ ਧਨਾਸਰੀ-ਤਿੰਨ ਤਾਲ ਮੱਧ ਲੈਅ

| ਤਾਲ ਚਿੰਨ੍ਹ | 1 X | 2 | 3 | 4 | 5 2 | 6 | 7 | 8 | 9 0 | 10 | 11 | 12 | 13 3 | 14 | 15 | 16 |
|---|---|---|---|---|---|---|---|---|---|---|---|---|---|---|---|---|
| | | | | | | | | | ਪ | ਨੁੀ | ਧ | ਪ | ਗੁ | ਗੁ | ਮ | ਪ |
| | | | | | | | | | ਜਿ | ਹ | ਵਾ | ऽ | ਏ | ऽ | ਕ | ਕ |
| | ਗੁ | ਗੁ | ਮ | ਗੁ | ਰੇ | ਰੇ | ਸ | ਸ | ਸ | ਸ | ਗੁ | ਮ | ਪ | ਪ | ਮ | ਪ |
| | ਵ | ਨ | ਗੁ | ਨ | ਕ | ਹੀ | ਐ | ऽ | ਬੇ | ऽ | ऽ | ਸੁ | ਮਾ | ऽ | ਰ | ਬੇ |
| | ਪ | ਨੁੀ | ਧ | ਪ | ਗੁ | ਮ | ਪ | ਪ | ਪ | ਨੁੀ | ਸਂ | ਨੁੀ | ਧ | ਪ | ਮ | ਪ |
| | ਅੰ | ऽ | ਤ | ਸੁ | ਆ | ऽ | ਮੀ | ऽ | ਤੇ | ऽ | ਰੋ | ऽ | ਅੰ | ऽ | ਤ | ਨ |
| | ਗੁ | ਗੁ | ਮ | ਪ | ਗੁ | ਗੁ | ਰੇ | ਸ | | | | | | | | |
| | ਕਿ | ਨ | ਹੀ | ऽ | ਲ | ਹੀ | ਐ | ऽ | | | | | | | | |
| | | | | | | | | | ਪ | ਪ | ਗੁ | ਮ | ਪ | ਪ | ਨੁੀ | - |
| | | | | | | | | | ਤੁ | ਮ | ਦਾ | ऽ | ਤੇ | ऽ | ਠਾ | ऽ |
| | ਸਂ | ਸਂ | ਸਂ | ਸਂ | ਨੁੀ | - | ਸਂ | ਸਂ | ਪ | ਨੁੀ | ਸਂ | ਗੁਂ | ਰੇਂ | ਰੇਂ | ਸਂ | ਸਂ |
| | ਕੁ | ਰ | ਪ੍ਰ | ਤਿ | ਪਾ | ऽ | ਲ | ਕ | ਨਾ | ऽ | ਇ | ਕ | ਖ | ਸ | ਮ | ਹ |
| | ਨੁੀ | - | ਸਂ | ਨੁੀ | ਧ | ਧ | ਪ | ਪ | ਪ | ਪ | ਗੁ | ਮ | ਪ | ਪ | ਨੁੀ | ਨੁੀ |
| | ਮਾ | ऽ | ऽ | ऽ | ਰੇ | ऽ | ऽ | ऽ | ਨਿ | ਮ | ਖ | ਨਿ | ਮ | ਖ | ਤੁ | ਮ |
| | ਸਂ | ਸਂ | ਸਂ | ਸਂ | ਨੁੀ | - | ਸਂ- | ਸਂ | ਪ- | ਨੁੀ | ਸਂ | ਗੁਂ | ਰੇਂ | ਰੇਂ | ਸਂ | ਸਂ |
| | ਹੀ | ऽ | ਪ੍ਰ | ਤਿ | ਪਾ | ऽ | ਲਹੁ | ऽ | ਹਮ | ਬਾ | ਰਿ | ਕ | ਤੁ | ਮ | ਰੇ | ऽ |
| | ਨੁੀ | - | ਸਂ | ਨੁੀ | ਧ | ਧ | ਪ | ਪ | ਪ- | ਨੁੀ | ਸਂ | ਨੁੀ | ਧ | ਧ | ਪ | ਪ |
| | ਧਾ | ऽ | ऽ | ऽ | ਰੇ | ऽ | ऽ | ऽ | ਹਮ | ਬਾ | ਰਿ | ਕ | ਤੁ | ਮ | ਰੇ | ऽ |
| | ਪ | ਗੁ | ਮ | ਗੁ | ਰੇ | ਰੇ | ਸ | ਸ | | | | | | | | |
| | ਧਾ | ऽ | ऽ | ऽ | ਰੇ | ऽ | ऽ | ऽ | | | | | | | | |

ਪੰਨਾ ੬੭੩ – ਧਨਾਸਰੀ ਮਹਲਾ ੫
ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥੧੨॥

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 13-4-2016 ਦਿਨ ਬੁੱਧਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ'**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ।।**ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਰਾਹੀ ਭਾਈ ਹਰਵੀਰ ਸਿੰਘ ਨੇ ਕਥਾ ਰਾਹੀਂ ਸੇਵਾ ਨਿਭਾਈ। ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ "ਖਾਲਸਾ ਸਾਜਨਾ" ਵਿਸ਼ੇ ਤੇ ਸੰਗਤਾ ਨਾਲ ਵਿਚਾਰ ਸਾਝੇ ਕੀਤੇ ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

### 1. ਅਧਿਆਪਕ ਸਿਖਲਾਈ ਕਾਰਜਸ਼ਾਲਾ:-

ਸਤਿਨਾਮੁ ਸਰਬ ਕਲਿਆਣ ਟਰੱਸਟ(ਰਜਿ.)ਚੰਡੀਗੜ੍ਹ ਦੁਆਰਾ ਪਿੰਡਾਂ ਦੇ ਸਕੂਲਾ ਵਿੱਚ ਧਾਰਮਿਕ ਸਿਖਿਆ ਦੇਣ ਲਈ ਅਧਿਆਪਕ ਲਗਾਏ ਜਾਦੇਂ ਹਨ । ਉਹਨਾਂ ਅਧਿਆਪਕਾ ਦੀ ਗਿਆਰਵੀਂ ਧਾਰਮਿਕ ਅਧਿਆਪਕ ਸਿਖਲਾਈ ਕਾਰਜਸ਼ਾਲਾ ਮਿਤੀ 7-8-9 ਅਪ੍ਰੈਲ ਤੱਕ ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ ਸਾਹਿਬ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਵਿਦਵਾਨਾ ਨੇ ਆਪਣੇ ਵਿਚਾਰ ਸਾਝੇ ਕੀਤੇ । ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ 7-04-2016 ਨੂੰ ਇਸ ਕਾਰਜ਼ਸ਼ਾਲਾ ਵਿੱਚ **"ਗੁਰਬਾਣੀ ਰਾਹੀ ਮਨੁੱਖੀ ਸ਼ਖਸ਼ੀਅਤ ਦਾ ਵਿਕਾਸ ਕਿਵੇਂ ਕਰੀਏ"** ਦੇ ਵਿਸ਼ੇ ਤੇ ਵਿਚਾਰਾਂ ਦੀ ਸਾਝ ਪਾਈ । ਬੱਚਿਆਂ ਅਤੇ ਹੋਰ ਪਤਵੰਤੇ ਹਾਜ਼ਰ ਸੱਜਣਾ ਨੇ ਇਸ ਦਾ ਭਰਵਾਂ ਲਾਭ ਉਠਾਇਆ । ਸਤਿਨਾਮੁ ਸਰਬ ਕਲਿਆਣ ਟਰੱਸਟ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਦਾ ਧੰਨਵਾਦਿ ਕੀਤਾ ਗਿਆ ਅਤੇ ਮਮੈਂਟੋ ਨਾਲ ਸਨਮਾਨਿਤ ਕੀਤਾ ਗਿਆ ।








# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਪ੍ਰੈਲ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 89 | 163 | 252 |
| 2 | Eye | 17 | 24 | 41 |
| 3 | Cardiology | 12 | 52 | 64 |
| 4 | Dental | 22 | 70 | 92 |
| 5 | Gynaecology | 18 | 44 | 62 |
| 6 | Homoeopathy | 22 | 199 | 221 |
| 7 | Physiotherapy | 09 | 35 | 44 |
| 8 | General Child | 05 | 03 | 08 |
| | Total | 194 | 590 | 784 |
| | Laboratory | 76 | - | 76 |

## ਧੰਨਵਾਦ :

## ਅਪ੍ਰੈਲ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S.Birinder Singh #6A/Sunny Enclave/Kharar 500/-
2. S. Bhopinder Singh Wachheir # 238/1/45A 45,000/-
3. Bibi Harsharan Kaur Sethi #1440/34C/Chd 500/
4. S. D.P Singh #393/Phase 9/Mohali 12,100/-
5. S. Dhanwant Singh #447/Phase 4/Mohali 1,000/-
6. Bibi Pritpal Kaur #2269A/ Sec.- 47C/Chd 20,000/
7. S. Narinder Bir Singh #1444/Sec 34C/Chd 2,000/-
8. Bibi Surjit Kaur #1444/Sec 34C/Chd 2,000/-
9. S. Gurjit Singh Ahluwalia #3043/Ph7 15,000/-
10. Col. Ranjit Singh (H.U.F.) #207/Sec 33A 13,500/-
11. Bibi Talvir Kaur/Mundi Kharar 100/-
12. S. Sukhdev Singh/Mundi Kharar 150/-
13. S. Nannihal Singh/Mundi Kharar 1,000/-
14. Satkar Properties / Mundi Kharar 500/-
15. Bibi Surjit Kaur / Mundi Kharar 100/-
16. S. Amarjit Singh/Mundi Kharar 100/-
17. S. Jaswant Singh/Mundi Kharar 500/-
18. S. Gultar Singh/Mundi Kharar 100/-
19. S. Parvinder Singh/Mundi Kharar 250/-
20. S. Nirmal Singh/ #892/L.I.C. Colony 1,100/-
21. Col. H.S Uppal #306/Sec 33A/Chd 40,000/-
22. All Indian Sikh Federation(Regd.) Lajpat Nagar IV New Delhi 21,000/-
23. Dr. Darshanjot Kaur #1999/Ph-10/Mohali 2,500/-
24. Bibi Jasleen Kaur Kaur #1369/Sec. 40B 600/-
25. S. Surinder Singh # 303/ Sector-20A/ Chd 600/-
26. Bibi Narinder Kaur #800/Sec. 43B/Chd 600/-
27. Bibi Paramjit Kaur #461/Sec 44A/Chd 100/-
28. Vijay Kumar # 101/Ram Darbar/Phase-I/Chd. 100/-
29. Bibi Rajleen Kaur #836/Phase II/Mohali 500/-
30. Bibi. Harleen Kaur Sarna #107G, Shivalik Vihar Naya Goan, Mohali 500/-
31. Bibi Harpreet Kaur #461/Sec 44A/Chd 500/-
32. Bibi Gurdeep Kaur #461/Sec 44A/Chd 500/-
33. S. Harsharnpal Singh Bhatia#461/Sec 44A 500/-
34. S. Amritpal Singh #417/Phase- 3A/Mohali 2,000/-
35. Bibi Supreet Kaur #B-28/Sec-26/Noida 15,000/-
36. Bibi Baljit Kaur # 192/Sidhartha Enclave/New Delhi 15,000/-
37. S. Gurpreet Singh # 192/Sidhartha Enclave/New Delhi 15,000/-
38. S. Gajinder Singh # 192/Sidhartha Enclave/New Delhi 15,000/-
39. Bibi Harbhajan Kaur/ F-9/Jangpura Extn./New Delhi 1,00,000/-
40. Bibi Daljit Kaur Oberoi #278/Sec. 33A 2,000/-
41. S. Chanpreet Singh #2350/Phase- 11 30,000/-
42. Dr. Saranjit Singh #2817/Phase 7/Mohali 2,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।